SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 113 | Monday, June 24 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਰੂਸ ਵਿੱਚ 3 ਥਾਂਵਾਂ ’ਤੇ ਅੱਤਵਾਦੀ ਹਮਲੇ, 9 ਦੀ ਮੌਤ, ਪਾਦਰੀ ਦਾ ਗਲਾ ਕੱਟਿਆ

ਮਾਸਕੋ, 23 ਜੂਨ (ਪੋਸਟ ਬਿਊਰੋ): ਰੂਸ ਦੇ ਦਾਗਿਸਤਾਨ ਵਿੱਚ ਐਤਵਾਰ ਨੂੰ ਅੱਤਵਾਦੀਆਂ ਨੇ ਦੋ ਗਿਰਜਾ ਘਰ, ਇੱਕ ਸਿਨੇਗਾਗ (ਯਹੂਦੀ ਮੰਦਰ) ਅਤੇ ਇੱਕ ਪੁਲਿਸ ਪੋਸਟ ਉੱਤੇ ਹਮਲਾ ਕਰ ਦਿੱਤਾ। ਇਸਵਿੱਚ ਇੱਕ ਪਾਦਰੀ, 8 ਪੁਲਸਕਰਮੀਆਂ ਸਮੇਤ ਕੁਲ 9 ਦੀ ਮੌਤ ਹੋ ਗਈ। ਪੁਲਿਸ ਦੇ 25 ਜਵਾਨ ਜ਼ਖ਼ਮੀ ਵੀ ਹਨ। ਉਥੇ ਹੀ, 4 ਅੱਤਵਾਦੀ ਵੀ ਮਾਰੇ ਗਏ ਹਨ।




ਜਾਣਕਾਰੀ ਮੁਤਾਬਕ ਅੱਤਵਾਦੀਆਂ ਨੇ 66 ਸਾਲਾ ਪਾਦਰੀ ਦਾ ਗਲਾ ਕੱਟ ਦਿੱਤਾ ਸੀ। ਜਿਸ ਯਹੂਦੀ ਮੰਦਰ ਅਤੇ ਗਿਰਜਾ ਘਰ ’ਤੇ ਹਮਲਾ ਹੋਇਆ ਉਹ ਦਾਗਿਸਤਾਨ ਦੇ ਡਰਬੇਂਟ ਸ਼ਹਿਰ ਵਿੱਚ ਸਥਿਤ ਹੈ, ਜੋ ਮੁਸਲਿਮ ਬਹੁਲ ਇਲਾਕੇ ਉੱਤਰੀ ਕਾਕੇਸ਼ਸ ਵਿੱਚ ਯਹੂਦੀ ਭਾਈਚਾਰੇ ਦਾ ਗੜ ਹੈ। ਜਦੋਂਕਿ ਜਿਸ ਪੁਲਿਸ ਥਾਣੇ ’ਤੇ ਹਮਲਾ ਹੋਇਆ ਉਹ ਡਰਬੇਂਟ ਤੋਂ 125 ਕਿਮੀ ਦੂਰ ਦਾਗਿਸਤਾਨ ਦੀ ਰਾਜਧਾਨੀ ਮਾਖਚਕਾਲਾ ਵਿੱਚ ਹੈ।

ਰੂਸ ਦੀ ਨੈਸ਼ਨਲ ਐਂਟੀ-ਟੇਰਰਿਜ਼ਮ ਕਮੇਟੀ ਨੇ ਵੀ ਇੱਕ ਬਿਆਨ ਵਿੱਚ ਹਮਲੇ ਦੀ ਪੁਸ਼ਟੀ ਕੀਤੀ ਹੈ। ਦਾਗਿਸਤਾਨ ਦੇ ਅੰਦਰੂਨੀ ਮਾਮਲਿਆਂ ਦੇ ਮੰਤਰਾਲੇ ਨੇ ਕਿਹਾ ਕਿ ਹਥਿਆਰਬੰਦ ਲੋਕਾਂ ਦੇ ਇੱਕ ਸਮੂਹ ਨੇ ਇੱਕ ਸਿਨੇਗਾਗ ਅਤੇ ਇੱਕ ਗਿਰਜਾ ਘਰ ’ਤੇ ਗੋਲੀਬਾਰੀ ਕੀਤੀ। ਇਨ੍ਹਾਂ ਵਿੱਚ ਚਾਰ ਅੱਤਵਾਦੀਆਂ ਨੂੰ ਮਾਰ ਦਿੱਤਾ। ਕੁੱਝ ਭਾਗ ਗਏ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

ਹਮਲੇ ਤੋਂ ਬਾਅਦ ਇੱਕ ਵੀਡੀਓ ਮਿਲੀ ਹੈ ਜਿਸ ਵਿਚ ਹਮਲਾਵਰ ਕਾਰ ਵਿੱਚ ਭੱਜਦੇ ਰਹੇ ਹਨ। ਅੱਤਵਾਦੀਆਂ ਨੇ ਦੂਜੇ ਯਹੂਦੀ ਮੰਦਰ ’ਤੇ ਵੀ ਗੋਲੀਆਂ ਚਲਾਈਆਂ। ਚੰਗੀ ਗੱਲ ਇਹ ਰਹੀ ਕਿ ਉਸ ਸਮੇਂ ਉੱਥੇ ਕੋਈ ਨਹੀਂ ਸੀ। ਫਿਲਹਾਲ, ਕਿਸੇ ਅੱਤਵਾਦੀ ਸੰਗਠਨ ਨੇ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

## ਓਟਵਾ ਦੇ ਸੰਸਦ ਮੈਂਬਰ ਨੇ ਆਪਣੇ ਚੋਣ ਖੇਤਰ ਦੇ ਲੋਕਾਂ ਨੂੰ ਭੇਜੇ ਗਏ ਨਕਸ਼ੇ ਲਈ, ਮੰਗੀ ਮੁਆਫੀ




ਓਟਵਾ, 23 ਜੂਨ (ਪੋਸਟ ਬਿਊਰੋ): ਓਟਾਵਾ ਸੈਂਟਰ ਦੇ ਸੰਸਦ ਮੈਂਬਰ ਯਾਸਿਰ ਨਕਵੀ ਕਨੈਡਾ ਡੇਅ ਮਨਾਉਣ ਲਈ ਆਪਣੇ ਚੋਣ ਖੇਤਰ ਦੇ ਲੋਕਾਂ ਨੂੰ ਭੇਜੇ ਗਏ ਕੈਨੇਡਾ ਦੇ ਨਕਸ਼ੇ ਵਿੱਚ ਹੋਈ ਗਲਤੀ ਲਈ ਮੁਆਫੀ ਮੰਗੀ ਹੈ।

ਲੋਕਾਂ ਨੂੰ 1 ਜੁਲਾਈ ਨੂੰ ਕੈਨੇਡਾ ਡੇਅ ਤੋਂ ਪਹਿਲਾਂ ਨਕਸ਼ੇ ਵਿਚ ਰੰਗ ਭਰਨ ਲਈ ਕਿਹਾ ਗਿਆ ਸੀ। ਹਾਲਾਂਕਿ, ਰੰਗ ਭਰਨ ਵਾਲੇ ਨਕਸ਼ਾ ਵਿੱਚ ਪ੍ਰਿੰਸ ਏਡਵਰਡ ਆਈਲੈਂਡ ਅਤੇ ਯੁਕੋਨ ਸ਼ਾਮਿਲ ਨਹੀਂ ਹਨ।

ਐਕਸ ’ਤੇ ਨਕਵੀ ਨੇ ਨਕਸ਼ੇ ਵਿੱਚ ਹੋਈ ਗਲਤੀ ਨੂੰ ਸਵੀਕਾਰ ਕੀਤਾ, ਜਿਸ ਵਿੱਚ ਸੂਬੇ ਅਤੇ ਖੇਤਰ ਦਾ ਨਾਮ ਨਹੀਂ ਸੀ।

ਉਨ੍ਹਾਂ ਨੇ ਕਿਹਾ ਕਿ ਅਸੀਂ ਗਲਤੀ ਕੀਤੀ ਹੈ। ਨਕਸ਼ੇ ਵਿੱਚ ਪੀਈਆਈ ਅਤੇ ਯੁਕੋਨ ਦਾ ਨਾਮ ਨਹੀਂ ਹੈ। ਮੈਂ ਅਤੇ ਮੇਰੀ ਟੀਮ ਮੁਆਫੀ ਮੰਗਦੇ ਹਾਂ। ਬੱਚਿਆਂ ਨੂੰ ਕ੍ਰਿਪਾ ਕਰਕੇ ਸਾਡਾ ਭੂਗੋਲ ਸਿਖਾਉਣ ਜਾਂ ਇਸ ਵੱਖ-ਵੱਖ ਸਥਾਨਾਂ ਬਾਰੇ ਜ਼ਿਆਦਾ ਜਾਣਨ ਲਈ ਇੱਕ ਇੰਟਰੈਕਟਿਵ ਨਕਸ਼ੇ ਦੇ ਰੂਪ ਵਿੱਚ ਸੋਚੋ। ਨਕਵੀ ਦੇ ਦਫ਼ਤਰ ਵੱਲੋਂ ਓਟਵਾ ਸੈਂਟਰ ਵਿੱਚ ਕੈਨੇਡਾ ਦੇ ਝੰਡੇ ਦੇ ਪੋਸਟਰ ਵੰਡੇ ਜਾ ਰਹੇ ਹਨ।

## ਓਲਡ ਮਾਂਟਰੀਅਲ ਅਗਵਾ ਮਾਮਲਾ: ਚੌਥੇ ਪੀੜਤ ਦੀ ਭਾਲ ਜਾਰੀ, ਰੀਜਨ ਪੁਲਿਸ ਨੇ ਜਾਂਚ ਆਪਣੇ ਹੱਥ ਲਈ




ਮਾਂਟਰੀਅਲ, 23 ਜੂਨ (ਪੋਸਟ ਬਿਊਰੋ): ਓਲਡ ਮਾਂਟਰੀਅਲ ਵਿੱਚ ਇੱਕ ਅਗਵਾ ਮਾਮਲੇ ਦੀ ਜਾਂਚ ਕਿਊਬਿਕ ਪ੍ਰੋਵਿੰਸ਼ੀਅਲ ਪੁਲਿਸ ਨੂੰ ਸੌਂਪ ਦਿੱਤੀ ਗਈ ਹੈ।

ਸ਼ਨੀਵਾਰ ਦੁਪਹਿਰ ਮਾਂਟਰੀਅਲ ਪੁਲਿਸ ਨੇ ਕਿਹਾ ਕਿ ਪੀੜਤਾਂ ਵਿੱਚੋਂ ਤਿੰਨ-ਦੋ ਔਰਤਾਂ ਅਤੇ ਇੱਕ ਆਦਮੀ ਸੁਰੱਖਿਅਤ ਪਾਏ ਗਏ ਸਨ।

ਐੱਸਕਿਊ ਦੇ ਬੁਲਾਰੇ ਫ੍ਰੈਡਰਿਕ ਡੇਸਚਾਈਜ਼ ਨੇ ਐਤਵਾਰ ਨੂੰ ਕਿਹਾ ਕਿ ਕੇਸ ਐੱਸਕਿਊ ਨੂੰ ਸੌਂਪ ਦਿੱਤਾ ਗਿਆ ਹੈ, ਕਿਉਂਕਿ ਲਾਪਤਾ ਚੌਥੇ ਵਿਅਕਤੀ ਨੂੰ ਆਖਰੀ ਵਾਰ ਮਾਂਟਰੀਅਲ ਪੁਲਿਸ ਅਧਿਕਾਰ ਖੇਤਰ ਤੋਂ ਬਾਹਰ ਦੇਖਿਆ ਗਿਆ ਸੀ। ਐੱਸਕਿਊ ਵਿਅਕਤੀ ਵਿਰੁੱਧ ਅਪਰਾਧ ਸੈਕਸ਼ਨ ਜਾਂਚ ਦੀ ਅਗਵਾਈ ਕਰ ਰਿਹਾ ਹੈ।

ਡੇਹੇਜ਼ ਨੇ ਕਿਹਾ ਕਿ ਜਦੋਂ ਤੱਕ ਜਾਂਚ ਜਾਰੀ ਨਹੀਂ ਹੁੰਦੀ ਉਦੋਂ ਤੱਕ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਜਾ ਸਕਦੀ।

ਮਾਂਟਰੀਅਲ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੁੱਕਰਵਾਰ ਤੜਕੇ 4 ਵਜੇ ਦੇ ਕਰੀਬ ਸੇਂਟ-ਹੁਬਰਟ ਸਟ੍ਰੀਟ ਦੇ ਨੇੜੇ ਡੇ ਲਾ ਕਮਿਊਨ ਸਟ੍ਰੀਟ 'ਤੇ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਝਗੜੇ ਬਾਰੇ ਇੱਕ 911’ਤੇ ਕਾਲ ਆਈ। ਲਾਵਲ ਵਿੱਚ ਕਈ ਘੰਟਿਆਂ ਬਾਅਦ ਇੱਕ ਸੜਿਆ ਹੋਇਆ ਵਾਹਨ ਮਿਲਿਆ, ਜੋਕਿ ਅਗਵਾ ਮਾਮਲੇ ਨਾਲ ਜੁੜਿਆ ਹੋਇਆ ਹੈ।

## ਸ੍ਰੀਲੰਕਾ ਦੀ ਜਲ ਫੌਜ ਨੇ 18 ਭਾਰਤੀ ਮਛੇਰੀਆਂ ਨੂੰ ਕੀਤਾ ਗ੍ਰਿਫ਼ਤਾਰ



ਕੋਲੰਬੋ, 23 ਜੂਨ (ਪੋਸਟ ਬਿਊਰੋ): ਸ੍ਰੀਲੰਕਾ ਦੀ ਜਲ ਸੈਨਾ ਨੇ ਸ਼ਨੀਵਾਰ ਨੂੰ 18 ਭਾਰਤੀ ਮਛੇਰੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ 3 ਕਿਸ਼ਤੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਜਾਣਕਾਰੀ ਮੁਤਾਬਕ ਸ੍ਰੀਲੰਕਾਈ ਜਲ ਫੌਜ ਨੇ ਦੱਸਿਆ ਕਿ ਮਛੇਰੇ ਉਨ੍ਹਾਂ ਦੇ ਡੇਲਫਟ ਟਾਪੂ ਵਿੱਚ ਦਾਖ਼ਲ ਹੋ ਗਏ ਸਨ।



ਜਲ ਫੌਜ ਦੇ ਬੁਲਾਰੇ ਕੈਪਟਨ ਗਿਆਨ ਵਿਕਰਮਸੂਰਿਆ ਨੇ ਦੱਸਿਆ ਕਿ ਹੁਣ ਮਛੇਰਿਆਂ ਨੂੰ ਅੱਗੇ ਦੀ ਕਾਨੂੰਨੀ ਕਾਰਵਾਈ ਲਈ ਸ੍ਰੀਲੰਕਾ ਦੇ ਜਾਫਨਾ ਜ਼ਿਲ੍ਹੇ ਵਿੱਚ ਕਾਂਕੇਸੰਥੁਰਾਈ ਬੰਦਰਗਾਹ ਲਿਜਾਇਆ ਜਾਵੇਗਾ।

ਇਹ ਇੱਕ ਹਫਤੇ ਵਿੱਚ ਦੂਜਾ ਮਾਮਲਾ ਹੈ ਜਦੋਂ ਸ੍ਰੀਲੰਕਾ ਦੀ ਜਲ ਸੈਨਾ ਨੇ ਭਾਰਤੀ ਮਛੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸਤੋਂ ਪਹਿਲਾਂ ਜਲ ਸੈਨਾ ਨੇ ਚਾਰ ਭਾਰਤੀ ਮਛੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਨ੍ਹਾਂ ਦੀ ਕਿਸ਼ਤੀ ਜਬਤ ਕਰ ਲਈ ਸੀ।

## ਇਜ਼ਰਾਇਲੀ ਫੌਜ ਨੇ ਜੀਪ ਦੇ ਅੱਗੇ ਬੰਨ੍ਹਕੇ ਘੁੰਮਾਇਆ ਜ਼ਖ਼ਮੀ ਫਿਲਸਤੀਨੀ

### ਪਰਿਵਾਰ ਨੇ ਕਿਹਾ- ਐਂਬੂਲੈਂਸ ਮੰਗੀ ਸੀ, ਫੌਜੀਆਂ ਨੇ ਬੋਨੇਟ ’ਤੇ ਬੰਨ੍ਹ ਦਿੱਤਾ

ਜੇਨਿਨ, 23 ਜੂਨ (ਪੋਸਟ ਬਿਊਰੋ): ਇਜ਼ਰਾਇਲੀ ਫੌਜੀ ਸ਼ਨੀਵਾਰ ਨੂੰ ਵੇਸਟ ਬੈਂਕ ਦੇ ਜੇਨਿਨ ਵਿੱਚ ਰੇਡ ਦੌਰਾਨ ਇੱਕ ਜ਼ਖ਼ਮੀ ਫਿਲਸਤੀਨੀ ਨੂੰ ਆਪਣੀ ਗੱਡੀ ਅੱਗੇ ਬੰਨ੍ਹਕੇ ਘੁੰਮਾਉਂਦੇ ਨਜ਼ਰ ਆਏ। ਉਨ੍ਹਾਂ ਦਾ ਇਹ ਵੀਡੀਓ ਸੋਸ਼ਲ ਮੀਡਿਆ ਉੱਤੇ ਵਾਇਰਲ ਹੋ ਰਿਹਾ ਹੈ। ਦਰਅਸਲ, ਇਜ਼ਰਾਈਲ ਦੀ ਫੌਜ ਕੁੱਝ ਵਾਂਟੇਡ ਫਿਲਸਤੀਨੀਆਂ ਨੂੰ ਫੜ੍ਹਨ ਲਈ ਵੇਸਟ ਬੈਂਕ ਦੇ ਵਾਦੀ ਬੁਰਕਿਨ ਇਲਾਕੇ ਵਿੱਚ ਗਏ ਸਨ।



ਜਾਣਕਾਰੀ ਮੁਤਾਬਕ ਆਪਰੇਸ਼ਨ ਦੌਰਾਨ ਫੌਜ ਅਤੇ ਫਿਲਸਤੀਨੀਆਂ ਵਿਚਕਾਰ ਗੋਲੀਬਾਰੀ ਹੋਈ। ਇਸ ਵਿੱਚ ਇੱਕ ਸ਼ਖਸ ਜ਼ਖ਼ਮੀ ਹੋ ਗਿਆ। ਇਸਤੋਂ ਬਾਅਦ ਫੌਜੀ ਜ਼ਖ਼ਮੀ ਫਿਲਸਤੀਨੀ ਨੂੰ ਇਲਾਕੇ ਤੋਂ ਬਾਹਰ ਲੈ ਕੇ ਆਏ। ਉਨ੍ਹਾਂ ਨੇ ਉਸਨੂੰ ਜੀਪ ਅੱਗੇ ਦੇ ਹਿੱਸੇ ’ਤੇ ਬੰਨ੍ਹ ਦਿੱਤਾ। ਹਾਲਾਂਕਿ, ਬਾਅਦ ਵਿੱਚ ਉਸਨੂੰ ਯੂਐੱਨ ਦੀ ਰੇਡ ਕ੍ਰਿਸੇਂਟ ਟੀਮ ਨੂੰ ਸੌਂਪ ਦਿੱਤਾ ਗਿਆ।

ਜਾਣਕਾਰੀ ਮੁਤਾਬਕ ਜ਼ਖ਼ਮੀ ਫਿਲਸਤੀਨੀ ਦੇ ਫਿਲਿਸਤੀਨੀ ਦਾ ਨਾਮ ਮੁਜਾਹਿਦ ਅਜਮੀ ਸੀ। ਇਜਰਾਇਲੀ ਡਿਫੇਂਸ ਫੋਰਸ ਨੇ ਮਾਮਲੇ ਦੀ ਪੁਸ਼ਟੀ ਕਰਦੇ ਹੋਏ ਜਾਂਚ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਵੀਡੀਓ ਵਿੱਚ ਜੋ ਨਜ਼ਰ ਆ ਰਿਹਾ ਹੈ, ਉਹ ਸਾਡੇ ਹੁਕਮਾਂ ਦੇ ਖਿਲਾਫ ਹੈ। ਅਸੀ ਇਸਦੀ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾਂ ਦੇਵਾਂਗੇ।

ਪਰਿਵਾਰ ਨੇ ਕਿਹਾ ਕਿ ਉਨ੍ਹਾਂ ਨੇ ਇਜ਼ਰਾਇਲੀ ਫੌਜ ਨੇ ਐਂਬੂਲੈਂਸ ਮੰਗੀ ਸੀ। ਪਰ ਇਸਦੇ ਬਦਲੇ ਉਨ੍ਹਾਂ ਨੇ ਫਿਲਸਤੀਨੀ ਨੂੰ ਜੀਪ ਦੇ ਬੋਨੇਟ ਉੱਤੇ ਬੰਨ੍ਹ ਦਿੱਤਾ ਅਤੇ ਉੱਥੋਂ ਚਲੇ ਗਏ। ਇਸਤੋਂ ਪਹਿਲਾਂ ਸ਼ਨੀਵਾਰ ਨੂੰ ਕੁੱਝ ਬੰਦੂਕਧਾਰੀਆਂ ਨੇ ਵੇਸਟ ਬੈਂਕ ਦੇ ਕਾਲਕਿਲਿਆ ਇਲਾਕੇ ਵਿੱਚ ਇੱਕ ਇਜ਼ਰਾਇਲੀ ਨਾਗਰਿਕ ਦੀ ਹੱਤਿਆ ਕਰ ਦਿੱਤੀ ਸੀ।

## ਟੋਰਾਂਟੋ ਪੁਲਿਸ ਨੇ ਡਰਗਜ਼, ਨਕਦੀ ਅਤੇ ਗੰਨ ਕੀਤੀ ਜ਼ਬਤ, 3 ਗ੍ਰਿਫ਼ਤਾਰ

ਟੋਰਾਂਟੋ, 23 ਜੂਨ (ਪੋਸਟ ਬਿਊਰੋ): ਪੁਲਿਸ ਨੇ ਦੱਸਿਆ ਕਿ ਨਾਰਥ ਯਾਰਕ ਦੇ ਇੱਕ ਇਲਾਕੇ ਵਿੱਚ ਨਸ਼ੀਲੀਆਂ ਦਵਾਈਆਂ ਸੀ ਵਰਤੋਂ ਅਤੇ ਨਸ਼ੀਲੀ ਦਵਾਈਆਂ ਦੀ ਤਸਕਰੀ ਬਾਰੇ ਭਾਈਚਾਰੇ ਦੀਆਂ ਸ਼ਿਕਾਇਤਾਂ ਕਾਰਨ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਅਤੇ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਐਤਵਾਰ ਨੂੰ ਪੁਲਿਸ ਨੇ ਕਿਹਾ ਕਿ 31 ਡਿਵੀਜ਼ਨ ਦੇ ਅਧਿਕਾਰੀ ਉਨ੍ਹਾਂ ਸ਼ਿਕਾਇਤਾਂ ਦੀ ਜਾਂਚ ਕਰਣ ਲਈ ਜੇਨ ਸਟਰੀਟ ਅਤੇ ਵਿਲਸਨ ਏਵੇਨਿਊ ਇਲਾਕੇ ਵਿੱਚ ਪਹੁੰਚੇ। ਪੁਲਿਸ ਨੇ ਕਿਹਾ ਕਿ ਇਲਾਕੇ ਵਿੱਚ ਪੈਦਲ ਗਸ਼ਤ ਦੌਰਾਨ, ਅਧਿਕਾਰੀਆਂ ਨੇ ਇੱਕ ਗੈਰੇਜ ਵਿੱਚ ਤਿੰਨ ਵਿਅਕਤੀਆਂ ਨੂੰ ਪਾਇਆ ਜੋ ਉਨ੍ਹਾਂ ਦਾ ਨਹੀਂ ਸੀ। ਪੁਲਿਸ ਨੇ ਕਿਹਾ ਕਿ ਇੱਕ ਭਰੀ ਹੋਈ ਬੰਦੂਕ, ਜਿਸਦੀ ਜਾਂਚਕਰਤਾਵਾਂ ਨੇ ਸਮਿਥ ਅਤੇ ਵੇਸਨ ਦੇ ਰੂਪ ਵਿੱਚ ਪਹਿਚਾਣ ਕੀਤੀ। ਜਿਸ ਵਿੱਚ 9 ਮਿਮੀ ਲੁਗਰ ਗੋਲਾ-ਬਾਰੂਦ ਦੇ 13 ਰਾਉਂਡ ਸਨ, ਉਸ ਜਗ੍ਹਾ ’ਤੇ ਸਥਿਤ ਸੀ ਜਿੱਥੇ ਵਿਅਕਤੀ ਬੈਠੇ ਸਨ।




ਘਟਨਾ ਸਥਾਨ ’ਤੇ ਬਿਨਾਂ ਕਿਸੇ ਘਟਨਾ ਦੇ ਦੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਕਿਹਾ ਕਿ ਤੀਜਾ ਸ਼ੱਕੀ ਫਰਾਰ ਗਿਆ ਅਤੇ ਥੋੜ੍ਹੀ ਦੇਰ ਪੈਦਲ ਪਿੱਛਾ ਕਰਨ ਤੋਂ ਦੇ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਆਸਟ੍ਰੇਲੀਆ ’ਚ ਵਧਿਆ ਬਰਡ ਫਲੂ ਦਾ ਪ੍ਰਕੋਪ , ਮਾਰੇ ਜਾਣਗੇ 10 ਲੱਖ ਪੰਛੀ

ਮੈਲਬੌਰਨ, 23 ਜੂਨ (ਪੋਸਟ ਬਿਊਰੋ): ਆਸਟਰੇਲੀਆ ਵਿੱਚ ਮਈ ਵਿੱਚ ਸ਼ੁਰੂ ਹੋਏ ਬਰਡ ਫਲੂ ਦਾ ਪ੍ਰਕੋਪ ਲਗਾਤਾਰ ਵੱਧਦਾ ਜਾ ਰਿਹਾ ਹੈ। ਮੈਲਬੌਰਨ ਵਿੱਚ ਸੱਤਵੇਂ ਵਿਕਟੋਰੀਅਨ ਫਾਰਮ ਵਿੱਚ ਵਾਇਰਸ ਦਾ ਪਤਾ ਲੱਗਣ ਤੋਂ ਬਾਅਦ ਦੇਸ਼ ਵਾਇਰਸ ਦੇ ਆਪਣੇ ਸਭ ਤੋਂ ਵੱਡੇ ਪ੍ਰਕੋਪ ਦਾ ਸਾਹਮਣਾ ਕਰ ਰਿਹਾ ਹੈ। ਇਹ ਪ੍ਰਕੋਪ ਮਈ ਵਿੱਚ ਸ਼ੁਰੂ ਹੋਇਆ ਸੀ ਅਤੇ ਸਖਤ ਨਿਯੰਤਰਣ ਉਪਾਵਾਂ ਦੇ ਬਾਵਜੂਦ ਫੈਲਦਾ ਜਾ ਰਿਹਾ ਹੈ। ਸਾਰੇ ਪ੍ਰਭਾਵਿਤ ਫਾਰਮ ਹਾਊਸ ਵਿੱਚ ਜਾਂ ਤਾਂ ਐੱਚ7ਐੱਨ3 ਜਾਂ ਐੱਚ7ਐੱਨ9 ਸਟ੍ਰੇਨ ਹੈ, ਜੋ ਅਮਰੀਕਾ ਵਿੱਚ ਪਸ਼ੂਆਂ ਅਤੇ ਪੰਛੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਐੱਚ5ਐੱਨ 1 ਕਿਸਮ ਦੇ ਬਰਡ ਫਲੂ ਤੋਂ ਵੱਖ ਹੈ। ਸੱਤਵੇਂ ਵਿਕਟੋਰੀਅਨ ਫਾਰਮ ਵਿੱਚ ਬਰਡ ਫਲੂ ਦਾ ਪਤਾ ਲੱਗਣ ਤੋਂ ਬਾਅਦ 10 ਲੱਖ ਤੋਂ ਵੱਧ ਪੰਛੀਆਂ ਨੂੰ ਮਾਰਿਆ ਜਾਵੇਗਾ।

ਆਸਟ੍ਰੇਲੀਆ ਵਿਚ ਬਰਡ ਫਲੂ ਦਾ ਸਭ ਤੋਂ ਵੱਡਾ ਪ੍ਰਕੋਪ ਘਾਤਕ ਸਾਬਤ ਹੋਇਆ ਹੈ। ਵਿਕਟੋਰੀਆ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਵਾਇਰਸ ਦੇ ਫੈਲਣ ਨੂੰ ਰੋਕਣ ਲਈ 1 ਮਿਲੀਅਨ ਤੋਂ ਵੱਧ ਪੰਛੀਆਂ ਨੂੰ ਮਾਰਿਆ ਜਾਵੇਗਾ।

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਚੜ੍ਹੀ ਹੈ ਬਿਜਲੀ ਦੀ ਮੰਗ ਪੰਜਾਬ ਅੰਦਰ,
ਦਿੱਤਾ ਪਿਛਲਾ ਰਿਕਾਰਡ ਸਭ ਤੋੜ ਬੇਲੀ।
ਜਿਹੜਾ ਕੋਈ ਅੰਕੜੇ ਵੇਖੇ, ਹੈਰਾਨ ਹੁੰਦਾ,
ਬਾਹਲੀ ਲੋਕਾਂ ਦੀ ਵਧੀ ਕਿਉਂ ਲੋੜ ਬੇਲੀ।
ਪੈਦਾਵਾਰ ਜਦ ਬਿਜਲੀ ਦੀ ਵਧੀ ਤਕੜੀ,
ਅਉਣੀ ਚਾਹੀਦੀ ਇਨੀ ਨਹੀਂ ਥੋੜ ਬੇਲੀ।
ਵਿੰਹਦੇ ਅੰਕੜੇ ਤੇ ਮੁੜ-ਮੁੜ ਗਿਣੀ ਜਾਂਦੇ,
ਵਾਰ-ਵਾਰ ਚੈੱਕ ਕਰਦੇ ਲੱਗਾ ਜੋੜ ਬੇਲੀ।
ਅਸਲੀ ਬਾਤ ਦੇ ਬਾਰੇ ਕੋਈ ਸੋਚਦਾ ਨਹੀਂ,
ਪਈ ਆ ਉਲਟ ਹੀ ਛੋਟਾਂ ਦੀ ਚਾਲ ਬੇਲੀ।
ਲੋੜ ਤੋਂ ਵੱਧ ਰਹੇ ਲੋਕ ਹਨ ਫੂਕ ਬਿਜਲੀ,
ਮਿਲਿਆ ਮੁਫਤ ਦਾ ਜਿੱਦਾਂ ਹੈ ਮਾਲ ਬੇਲੀ।

**ਤੀਸ ਮਾਰ ਖਾਂ**

# ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਮਜ਼ਬੂਤ ਕਰਨ ਲਈ 'ਮਿਸ਼ਨ ਸਹਿਯੋਗ' ਦੀ ਸ਼ੁਰੂਆਤ

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਚੋਂ ਨਸ਼ਿਆਂ ਦਾ ਸਫਾਇਆ ਕਰਨ ਲਈ ਤਿੰਨ-ਨੁਕਾਤੀ ਰਣਨੀਤੀ ਤਿਆਰ

ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚਲਾਈ ਜਾ ਰਹੀ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਤਹਿਤ ਖੇਤਰ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਵੱਲ ਇੱਕ ਅਹਿਮ ਕਦਮ ਚੁੱਕਦਿਆਂ, ਪਟਿਆਲਾ ਪੁਲਿਸ ਨੇ ਐਤਵਾਰ ਨੂੰ ਪੁਲਿਸ ਅਤੇ ਜਨਸਮੂਹ ਦਰਮਿਆਨ ਤਾਲਮੇਲ ਨੂੰ ਹੋਰ ਬਿਹਤਰ ਕਰਨ ਅਤੇ ਨਸ਼ਿਆਂ ਨਾਲ ਨਜਿੱਠਣ ਦੇ ਉਦੇਸ਼ ਨਾਲ ਇੱਕ ਨਿਵੇਕਲੀ ਪਹਿਲਕਦਮੀ 'ਮਿਸ਼ਨ ਸਹਿਯੋਗ' ਦੀ ਸ਼ੁਰੂਆਤ ਕੀਤੀ।

ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਹਰਚਰਨ ਸਿੰਘ ਭੁੱਲਰ ਨੇ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਪਟਿਆਲਾ ਵਰੁਣ ਸ਼ਰਮਾ ਸਮੇਤ ਕਮੇਟੀ ਮੈਂਬਰਾਂ- ਜਿਨ੍ਹਾਂ ਨੂੰ ਪੁਲਿਸ ਸਹਿਯੋਗੀ ਵੀ ਕਿਹਾ ਜਾਂਦਾ ਹੈ , ਜਿਨ੍ਹਾਂ ਵਿੱਚ ਵੱਖ-ਵੱਖ ਪਿੰਡਾਂ ਦੇ ਸਰਪੰਚ ਅਤੇ ਹੋਰ ਸਮਰਪਤ ਸਮਾਜ ਪ੍ਰੇਮੀਆਂ ਨਾਲ ਮੀਟਿੰਗ ਕੀਤੀ । ਇਸ ਮੀਟਿੰਗ ਵਿੱਚ ਸਬ-ਡਵੀਜ਼ਨਲ ਪੁਲਿਸ ਅਫਸਰ ਅਤੇ ਸਟੇਸ਼ਨ ਹਾਊਸ ਅਫਸਰ (ਐਸਐਚਓਜ਼) ਵੀ ਸ਼ਾਮਲ ਸਨ।

ਜ਼ਿਕਰਯੋਗ ਹੈ ਕਿ ਰਾਜ ਸਰਕਾਰ ਨੇ ਸੂਬੇ ਚੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਲਈ ਤਿੰਨ-ਨੁਕਾਤੀ ਰਣਨੀਤੀ- ਇਨਫੋਰਸਮੈਂਟ, ਡੈਂਡਡੀਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) ਲਾਗੂ ਕੀਤੀ ਹੋਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ 'ਮਿਸ਼ਨ ਸਹਿਯੋਗ' ਪੁਲਿਸ-ਪਬਲਿਕ ਕੋਆਰਡੀਨੇਸ਼ਨ ਕਮੇਟੀ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਇੱਕ



ਗਤੀਸ਼ੀਲ ਪਲੇਟਫਾਰਮ ਪ੍ਰਦਾਨ ਕਰਦਾ ਹੈ, ਜੋ ਨਸ਼ਿਆਂ ਨਾਲ ਸਬੰਧਤ ਮਸਲਿਆਂ ਵਿਰੁੱਧ ਸਹਿਯੋਗ ਅਤੇ ਸਮੂਹਿਕ ਕਾਰਵਾਈ ਨੂੰ ਉਤਸ਼ਾਹਿਤ ਕਰਦੀਆਂ ਹਨ।

ਉਨਾਂ ਅੱਗੇ ਕਿਹਾ, ''ਇਹ ਪਹਿਲਕਦਮੀ ਇਸ ਗੰਭੀਰ ਚੁਣੌਤੀ ਨਾਲ ਨਜਿੱਠਣ ਲਈ ਲੋਕਾਂ ਦੀ ਸ਼ਮੂਲੀਅਤ ਦੇ ਮਹੱਤਵ ਨੂੰ ਦਰਸਾਉਂਦੀ ਹੈ ਅਤੇ ਨਸ਼ਾ ਮੁਕਤ ਮਾਹੌਲ ਸਿਰਜਣ ਲਈ ਪੁਲਿਸ ਬਲ ਅਤੇ ਜਨਤਾ ਦੀ ਸਮੂਹਿਕ ਤਾਕਤ ਨੂੰ ਸੁਚੱਜੇ ਢੰਗ ਨਾਲ ਵਰਤਣ 'ਤੇ ਜ਼ੋਰ ਦਿੰਦੀ ਹੈ। ''

ਡੀਆਈਜੀ ਨੇ ਕਿਹਾ ਕਿ ਮਿਸ਼ਨ ਸਹਿਯੋਗ ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਇੱਕ ਅੰਦੋਲਨ ਹੈ ,ਜਿਸਦਾ ਉਦੇਸ਼ ਪੁਲਿਸ ਅਤੇ ਜਨਤਾ ਨੂੰ ਨਸ਼ਿਆਂ ਵਿਰੁੱਧ ਇੱਕਜੁੱਟ ਮੋਰਚੇ ਵਿੱਚ ਲਿਆਉਣਾ ਹੈ। ਉਨ੍ਹਾਂ ਕਿਹਾ, '' ਸਾਡਾ ਵਿਸ਼ਵਾਸ ਹੈ ਕਿ ਮਜ਼ਬੂਤ ਭਾਈਚਾਰਕ ਸ਼ਮੂਲੀਅਤ ਨਾਲ, ਅਸੀਂ ਆਪਣੇ ਮਿਸ਼ਨ ਵਿੱਚ ਭਰਪੂਰ ਤਰੱਕੀ ਕਰ ਸਕਦੇ ਹਾਂ।''

ਐਸਐਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਕਾਨਫਰੰਸ ਦੌਰਾਨ 360-ਡਿਗਰੀ ਫੀਡਬੈਕ ਸੈਸ਼ਨ ਕਰਵਾਇਆ ਗਿਆ , ਜਿਸ ਦੌਰਾਨ ਭਾਈਵਾਲਾਂ ਨੇ ਆਪਣੀ ਜਾਣਕਾਰੀ ਅਤੇ ਸੁਝਾਅ ਸਾਂਝੇ ਕੀਤੇ। ਉਨ੍ਹਾਂ ਅੱਗੇ ਕਿਹਾ ਕਿ 'ਮਿਸ਼ਨ ਸਹਿਯੋਗ' ਦੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕੀਤਾ ਜਾ ਰਿਹਾ ਹੈ ਤਾਂ ਜੋ ਸਮਾਜ ਦਾ ਹਰ ਮੈਂਬਰ ਇਸ ਪਹਿਲਕਦਮੀ ਦੀ ਸਫਲਤਾ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਸਕੇ।

ਐਸ.ਐਸ.ਪੀ. ਨੇ ਕਿਹਾ ਕਿ ਪਟਿਆਲਾ ਵਿੱਚ ਫੀਡਬੈਕ ਸਿਸਟਮ ਪਹਿਲਾਂ ਹੀ ਮੌਜੂਦ ਹੈ ਅਤੇ ਕੋਈ ਵੀ ਵਿਅਕਤੀ ਪਟਿਆਲਾ ਪੁਲਿਸ ਨੂੰ ਬੇਝਿਜਕ ਜਾਣਕਾਰੀ ਦੇ ਸਕਦਾ ਹੈ। ਉਨ੍ਹਾਂ ਕਿਹਾ, ''ਜੇਕਰ ਕੋਈ ਵੀ ਵਿਅਕਤੀ ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਟਿਪ ਪ੍ਰਦਾਨ ਕਰਦਾ ਹੈ ਤਾਂ ਉਸਦਾ ਨਾਮ ਗੁਪਤ ਰੱਖਿਆ ਜਾਵੇਗਾ ਅਤੇ ਜੇਕਰ ਉਸ ਦੀ ਸੂਚਨਾ ਤੋਂ ਕੋਈ ਨਸ਼ਾ ਬਰਾਮਦ ਹੁੰਦਾ ਹੈ ਤਾਂ ਪਟਿਆਲਾ ਪੁਲਿਸ ਉਸ ਵਿਅਕਤੀ ਨੂੰ ਇਨਾਮ ਵੀ ਦੇਵੇਗੀ।''

ਜ਼ਿਕਰਯੋਗ ਹੈ ਕਿ ਮੀਟਿੰਗ ਵਿੱਚ ਹਾਜ਼ਰ ਸਾਰੇ ਅਧਿਕਾਰੀਆਂ ਨੇ ਨਸ਼ਿਆਂ ਦੇ ਖਾਤਮੇ ਲਈ ਜਨਤਕ ਭਾਗੀਦਾਰੀ ਦੇ ਰਣਨੀਤਕ ਮਹੱਤਵ ਨੂੰ ਉਜਾਗਰ ਕੀਤਾ ਅਤੇ ਕਮਿਊਨਿਟੀ ਮੈਂਬਰਾਂ ਦੇ ਸਹਿਯੋਗ ਅਤੇ ਇੱਕਜੁਟ ਹੋ ਕੇ ਕੰਮ ਕਰਨ ਲਈ ਪੁਲਿਸ ਦੀ ਵਚਨਬੱਧਤਾ ਨੂੰ ਦੁਹਰਾਇਆ। ਇਹ ਕਾਨਫਰੰਸ, ਸਾਰੇ ਭਾਈਵਾਲਾਂ ਵੱਲੋਂ ਪਟਿਆਲਾ ਨੂੰ ਇੱਕ ਸੁਰੱਖਿਅਤ ਅਤੇ ਨਸ਼ਾ ਮੁਕਤ ਜ਼ਿਲ੍ਹਾ ਬਣਾਉਣ ਦੇ ਅਹਿਦ ਲਈ ਨਿਰੰਤਰ ਯਤਨਸ਼ੀਲ ਰਹਿਣ ਦੇ ਨਵੇਂ ਵਾਅਦੇ ਨਾਲ ਸਮਾਪਤ ਹੋਈ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਹਾਕੀ ਖਿਡਾਰੀਆਂ ਨੂੰ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ



ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਲੰਪਿਕ ਦਿਵਸ ਅਤੇ ਸਨਮਾਨ ਸਮਾਰੋਹ ਦੌਰਾਨ ਚੰਡੀਗੜ੍ਹ ਦੇ ਹਾਕੀ ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਨ੍ਹਾਂ ਖਿਡਾਰੀਆਂ ਨੇ ਕੌਮਾਂਤਰੀ ਟੂਰਨਾਮੈਂਟਾਂ ਵਿੱਚ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕਰਕੇ ਸ਼ਹਿਰ ਅਤੇ 'ਹਾਕੀ ਚੰਡੀਗੜ੍ਹ' ਦਾ ਨਾਂ ਰੌਸ਼ਨ ਕੀਤਾ ਹੈ।

ਸੰਧਵਾਂ ਨੇ ਹਾਕੀ ਇੰਡੀਆ ਦੀ ਮਾਨਤਾ ਪ੍ਰਾਪਤ ਇਕਾਈ ਹਾਕੀ ਚੰਡੀਗੜ੍ਹ ਨੂੰ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕਰਦਿਆਂ ਖਿਡਾਰੀਆਂ ਵੱਲੋਂ ਕੀਤੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਇਨ੍ਹਾਂ ਖਿਡਾਰੀਆਂ ਵੱਲੋਂ ਵੱਖ-ਵੱਖ ਕੌਮਾਂਤਰੀ ਪਲੇਟਫਾਰਮਾਂ 'ਤੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ ਗਿਆ।

ਹਾਕੀ ਚੰਡੀਗੜ੍ਹ ਦੁਆਰਾ ਹਰ ਸਾਲ ਕਰਵਾਏ ਜਾਣ ਵਾਲੇ ਸਮਾਰੋਹ ਵਿੱਚ ਇਸ ਸਾਲ ਇੱਕ ਪ੍ਰਦਰਸ਼ਨੀ ਮੈਚ ਵੀ ਸ਼ਾਮਲ ਹੈ, ਜੋਕਿ ਐਫ.ਆਈ.ਐਚ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਸ਼ਵਵਿਆਪੀ ਸਮਾਗਮਾਂ ਦੇ ਤਾਲਮੇਲ ਨਾਲ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਖਿਡਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਨਕਦ ਪੁਰਸਕਾਰਾਂ ਨਾਲ ਮਾਨਤਾ ਦਿੰਦਾ ਹੈ।

# ਪੰਜਾਬ 'ਚ ਮੂੰਹ-ਖੁਰ ਅਤੇ ਗਲ਼ਘੋਟੂ ਤੋਂ ਬਚਾਅ ਲਈ 58.93 ਲੱਖ ਤੋਂ ਵੱਧ ਪਸ਼ੂਧਨ ਦਾ ਟੀਕਾਕਰਨ

### ਇੱਕ ਵੀ ਪਸ਼ੂ ਟੀਕਾਕਰਨ ਤੋਂ ਨਾ ਰਹੇ ਵਾਂਝਾ, ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼

ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ): ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ 58.93 ਲੱਖ ਤੋਂ ਵੱਧ ਪਸ਼ੂਆਂ ਨੂੰ ਮੂੰਹ-ਖੁਰ ਅਤੇ ਗਲਘੋਟੂ ਦੀ ਬਿਮਾਰੀ ਤੋਂ ਬਚਾਉਣ ਲਈ ਟੀਕੇ ਲਗਾਏ ਜਾ ਚੁੱਕੇ ਹਨ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ 30 ਜੂਨ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਕੁੱਲ 65,47,407 ਪਸ਼ੂਧਨ (25,31,460 ਗਾਵਾਂ ਅਤੇ 40,15,947 ਮੱਝਾਂ ) ਦਾ ਟੀਕਾਕਰਨ ਕੀਤਾ ਜਾਵੇ।



ਪਸ਼ੂਆਂ ਨੂੰ ਅਜਿਹੀਆਂ ਘਾਤਕ ਅਤੇ ਜਾਨਲੇਵਾ ਬਿਮਾਰੀਆਂ ਤੋਂ ਬਚਾਉਣ ਲਈ ਪਸ਼ੂ ਪਾਲਕਾਂ ਨੂੰ ਇਸ ਮੁਹਿੰਮ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਸ਼ੂ ਪਾਲਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਾਰੇ ਫੀਲਡ ਸਟਾਫ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਕ ਵੀ ਪਸ਼ੂ ਟੀਕਾਕਰਨ ਖੁਣੋ ਨਾ ਰਹਿ ਜਾਵੇ ਕਿਉਂਕਿ ਇਹ ਬਿਮਾਰੀਆਂ ਪਸ਼ੂਆਂ ਦੀ ਸਰੀਰਕ ਸਮਰੱਥਾ ਦੇ ਨਾਲ ਦੁੱਧ ਦੀ ਪੈਦਾਵਾਰ ਵੀ ਘਟਾਉਂਦੀਆਂ ਹਨ।

ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਤੱਕ 90 ਫੀਸਦੀ ਤੋਂ ਵੱਧ ਪਸ਼ੂਆਂ ਨੂੰ ਮੂੰਹ-ਖੁਰ ਤੋਂ ਅਤੇ 85.3 ਫੀਸਦੀ ਪਸ਼ੂਆਂ ਨੂੰ ਗਲਘੋਟੂ ਤੋਂ ਬਚਾਅ ਲਈ ਵੈਕਸੀਨ ਦੀ ਡੋਜ਼ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਹ ਦੋਵੇਂ ਵੈਕਸੀਨ ਸੂਬੇ ਦੀਆਂ ਸਾਰੀਆਂ ਵੈਟਰਨਰੀ ਸੰਸਥਾਵਾਂ ਵਿੱਚ ਉਪਲਬਧ ਹਨ ਅਤੇ ਕੋਈ ਵੀ ਪਸ਼ੂ ਪਾਲਕ ਟੀਕਾਕਰਨ ਲਈ ਆਪਣੀ ਨੇੜਲੀ ਵੈਟਰਨਰੀ ਸੰਸਥਾ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਨੇ ਟੀਕਾਕਰਨ ਮੁਹਿੰਮ ਨਾਲ ਜੁੜੇ ਫੀਲਡ ਸਟਾਫ ਨੂੰ ਸਪੱਸ਼ਟ ਤੌਰ 'ਤੇ ਕਿਹਾ ਕਿ ਟੀਕਾਕਰਨ ਵਿੱਚ ਕਿਸੇ ਕਿਸਮ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪੰਜਾਬ ਰਾਜ ਮਹਿਲਾ ਕਮਿਸ਼ਨ ਜਲਦ ਕਰੇਗਾ ਸੂਬੇ ਭਰ ਦੀਆਂ ਜੇਲ੍ਹਾਂ ਦਾ ਦੌਰਾ : ਰਾਜ ਲਾਲੀ ਗਿੱਲ

ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ): ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਔਰਤ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਸ ਵਚਨਬੱਧਤਾ ਨੂੰ ਪੂਰਾ ਕਰਨ ਦੇ ਮੱਦੇਨਜ਼ਰ ਪੰਜਾਬ ਰਾਜ ਮਹਿਲਾ ਕਮਿਸ਼ਨ ਜਲਦ ਹੀ ਸੂਬੇ ਭਰ ਦੀਆਂ ਜੇਲ੍ਹਾਂ ਦਾ ਦੌਰਾ ਕਰੇਗਾ। ਇਸ ਪਹਿਲਕਦਮੀ ਦਾ ਉਦੇਸ਼ ਮਹਿਲਾ ਕੈਦੀਆਂ ਦੇ ਹਿੱਤਾਂ ਦਾ ਮੁਲਾਂਕਣ ਅਤੇ ਸੁਧਾਰ ਕਰਨਾ ਹੈ।



ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਜੇਲ੍ਹਾਂ ਵਿੱਚ ਮਹਿਲਾ ਕੈਦੀਆਂ ਲਈ ਮਨੁੱਖੀ ਅਤੇ ਸਨਮਾਨਜਨਕ ਰਹਿਣ-ਸਹਿਣ ਨੂੰ ਯਕੀਨੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ,'' ਅਸੀਂ ਜੇਲ੍ਹਾਂ ਵਿੱਚ ਮਹਿਲਾ ਕੈਦੀਆਂ ਨੂੰ ਦਰਪੇਸ਼ ਚੁਣੌਤੀਆਂ ਨੂੰ ਸਮਝਣ ਅਤੇ ਉਨ੍ਹਾਂ ਦੀ ਬਿਹਤਰੀ ਲਈ ਵਚਨਬੱਧ ਹਾਂ ।'' ਇਸ ਦੌਰੇ ਵਿੱਚ ਮੌਜੂਦਾ ਸਹੂਲਤਾਂ ਦੀ ਡੂੰਘਾਈ ਨਾਲ ਜਾਂਚ ਅਤੇ ਮਹਿਲਾ ਕੈਦੀਆਂ ਨਾਲ ਗੱਲ ਕਰਕੇ ਸਿੱਧੇ ਤੌਰ 'ਤੇ ਸਮੱਸਿਆਵਾਂ ਸੁਣਨਾ ਸ਼ਾਮਲ ਹੈ।

ਉਨ੍ਹਾਂ ਅੱਗੇ ਕਿਹਾ ਕਿ ਕਮਿਸ਼ਨ ਦਾ ਉਦੇਸ਼ ਜੇਲ੍ਹ ਅਥਾਰਟੀਆਂ ਨਾਲ ਤਾਲਮੇਲ ਕਰਕੇ ਸੁਧਾਰ ਦੀ ਲੋੜ ਵਾਲੇ ਖੇਤਰਾਂ ਦੀ ਸ਼ਨਾਖ਼ਤ ਕਰਨਾ ਅਤੇ ਮਹਿਲਾ ਕੈਦੀਆਂ ਦੀ ਭਲਾਈ ਹਿੱਤ ਲੋੜੀਂਦੇ ਬਦਲਾਅ ਲਾਗੂ ਕਰਨਾ ਹੈ। ਇਸ ਦੌਰੇ ਦੌਰਾਨ ਤਰਜੀਹੀ ਤੌਰ 'ਤੇ ਇਸ ਸਿਹਤ ਸੰਭਾਲ, ਸਵੱਛਤਾ ਅਤੇ ਸਮੁੱਚੀਆਂ ਰਹਿਣ-ਸਹਿਣ ਸਥਿਤੀਆਂ ਨੂੰ ਸ਼ਾਮਿਲ ਕੀਤਾ ਜਾਣਾ ਹੈ। ਇਹ ਉਪਰਾਲਾ ਮਹਿਲਾ ਕੈਦੀਆਂ ਦੇ ਅਧਿਕਾਰਾਂ ਅਤੇ ਭਲਾਈ ਨੂੰ ਯਕੀਨੀ ਬਣਾਏ ਜਾਣ ਲਈ ਇੱਕ ਵਿਆਪਕ ਮਿਸ਼ਨ ਦਾ ਹਿੱਸਾ ਹੈ।

ਚੇਅਰਪਰਸਨ ਨੇ ਅੱਗੇ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਆਸ ਹੈ ਕਿ ਇਹ ਦੌਰੇ ਸਾਰਥਕ ਸੁਧਾਰਾਂ ਵੱਲ ਲੈ ਕੇ ਜਾਣਗੇ, ਜਿਸ ਨਾਲ ਜੇਲ੍ਹਾਂ ਵਿੱਚ ਕੈਦ ਔਰਤਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀ ਆਵੇਗੀ।


**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to rgidda@allseas.net












# ਪੰਜਾਬੀ ਵਿਦਿਆਰਥੀਆਂ ਦੀਆਂ ਕੈਨੇਡਾ 'ਚ ਹਾਰਟ ਅਟੈਕ ਨਾਲ਼ ਹੋ ਰਹੀਆਂ ਮੌਤਾਂ ਦੇ ਕਾਰਣ ਕੀ ਨਸ਼ਾ ਜਾਂ ਕੁਝ ਹੋਰ ?

ਕੈਨੇਡਾ ਵਿੱਚ ਬਹੁਤ ਸਾਰੇ ਨੌਜਵਾਨਾਂ ਦੀਆਂ ਅਚਾਨਕ ਮੌਤਾਂ ਹੋ ਰਹੀਆਂ ਹਨ, ਸਾਰਿਆਂ ਦੀ ਮੌਤ ਦੇ ਕਾਰਨ ਵੱਖੋ-ਵੱਖਰੇ ਹੋ ਸਕਦੇ ਹਨ, ਪਰ ਸ਼ਰਮਿੰਦਗੀ ਕਾਰਣ ਕਹਿ ਦਿੱਤਾ ਜਾਂਦਾ ਹੈ ਕਿ ਅਚਾਨਕ ਦਿਲ ਦਾ ਦੌਰਾ ਪੈ ਗਿਆ ਜਾਂ ਦਿਲ ਬੰਦ ਹੋ ਗਿਆ. ਉਸ ਵਕਤ ਇਹ ਕਹਿ ਕੇ ਲੋਕਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ. ਅਸਲ ਵਿੱਚ ਮੌਤ ਦੀ ਜਾਣਕਾਰੀ, ਮੌਤ ਤੋਂ ਕੁਝ ਮਹੀਨੇ ਬਾਅਦ, ਪੁਲਿਸ ਅਤੇ ਕੋਰਨਰ ਸਰਵਿਸ ਵਾਲਿਆਂ ਵੱਲੋਂ ਮ੍ਰਿਤਕ ਦੇ ਮਾਪਿਆਂ ਜਾ ਸਕੇ-ਸਬੰਧੀਆਂ ਨੂੰ ਦਿੱਤੀ ਜਾਂਦੀ ਹੈ, ਜੋ ਕਿ ਹਮੇਸ਼ਾ ਗੁਪਤ ਰਹਿੰਦੀ ਹੈ. ਜੇਕਰ ਪਿਛਲੇ ਸਾਲਾਂ ਦੌਰਾਨ ਇਸ ਤਰਾਂ ਮਾਰੇ ਗਏ ਨੌਜਵਾਨਾਂ ਦੀਆਂ ਪੋਸਟਮਾਰਟਮ ਦੀਆਂ ਰਿਪੋਰਟਾਂ ਨੂੰ ਘੋਖਿਆ ਜਾਵੇ ਜਾਂ ਮਾਪੇ ਖੁਦ ਇਸ ਬਾਰੇ ਦੱਸਣ ਕਿ ਕੀ ਹੋਇਆ ਹੈ, ਤਾਂ ਸਾਰੀ ਗੱਲ ਸਪੱਸ਼ਟ ਹੋ ਸਕਦੀ ਹੈ ਪਰ. ਅਜਿਹਾ ਹੋ ਨਹੀਂ ਰਿਹਾ. ਦਰਅਸਲ, ਸ਼ਰਮਿੰਦਗੀ ਦੇ ਮਾਰਿਆਂ ਲੋਕਾਂ ਕੋਲ਼ੇ, ਸੱਚ ਲੁਕੋਇਆ ਜਾਂਦਾ ਹੈ. ਪਰ ਜੋ ਨਾਲ਼ ਦੇ ਦੋਸਤ ਮਿੱਤਰ ਹੁੰਦੇ ਹਨ ਉਹ ਦੱਸ ਦਿੰਦੇ ਹਨ ਕਿ ਮੌਤ ਦਾ ਕੀ ਕਾਰਨ ਬਣਿਆ। ਹੁੰਦਾ ਇਹ ਹੈ ਕਿ ਇੰਡੀਆ ਵਿਚ ਜਿਹੜੇ ਜ਼ਿਆਦਾਤਰ ਅਫੀਮ ਜਾਂ ਭੰਗ ਖਾਂਦੇ ਹਨ ਉਸ ਵਿਚ ਕੋਈ ਮਿਲਾਵਟ ਨਹੀਂ ਹੁੰਦੀ ਏਥੇ ਕੈਨੇਡਾ ਵਿੱਚ ਵਿਕਣ ਵਾਲ਼ੇ ਨਸ਼ਿਆਂ ਵਿੱਚ ਮਿਲਾਵਟ ਜ਼ਿਆਦਾ ਹੋਣ ਕਰਕੇ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਓਵਰਡੋਜ਼ ਹੋ ਜਾਂਦੀ ਹੈ। ਇਸ ਕਰਕੇ ਬਿਨਾਂ ਜਾਣਕਾਰੀ ਤੋਂ ਥੋੜ੍ਹੀ ਮਾਤਰਾ ਵਿਚ ਲਿਆ ਗਿਆ ਨਸ਼ਾ ਵੀ ਓਵਰਡੋਜ਼ ਦਾ ਕਾਰਨ ਬਣ ਜਾਂਦਾ ਹੈ, ਜਿਸ ਵਿੱਚ ਸੁੱਤੇ ਪਿਆਂ ਦਿਲ ਦੀ ਧੜਕਣ ਰੁਕ ਜਾਂਦੀ ਹੈ. ਕੋਰਨਰ ਸਰਵਿਸ ਦੀ ਰਿਪੋਰਟ ਵਿੱਚ ਵੀ ਲਿਖਿਆ ਹੁੰਦਾ ਕਿ ਮੈਡੀਕਲ ਕਾਰਨ ਕਰਕੇ ਦਿਲ ਦੀ ਧੜਕਣ ਰੁਕ ਗਈ। ਕੋਨੇ ਵਿਚ ਜਾਂ ਲਕਵਾਂ ਜਿਹਾ ਓਵਰਡੋਜ਼ ਦਾ ਵੀ ਜਿਕਰ ਕੀਤਾ ਗਿਆ ਹੁੰਦਾ। ਇਸ ਕਰਕੇ ਜ਼ਿਆਦਾਤਰ ਲੋਕ ਹਾਰਟ ਅਟੈਕ ਜਾਂ ਕਹਿ ਦਿੰਦੇ ਹਨ ਕਿ ਸੁੱਤਾ ਰਹਿ ਗਿਆ.

ਇਥੇ ਜਿਆਦਾਤਰ ਹੈਰੋਇਨ, ਅਫੀਮ, ਭੰਗ ਦੀ ਓਵਰਡੋਜ ਮੌਤ ਦਾ ਕਾਰਨ ਬਣਦੇ ਹਨ। ਮ੍ਰਿਤਕ ਕਈ ਵਾਰ ਇਹ ਨਸ਼ਾ ਆਪਣੀ ਮਰਜ਼ੀ ਨਾਲ ਕਰਦਾ ਹੈ ਜਾਂ ਗਲਤ ਸੰਗਤ ਵਿਚ ਪੈ ਕੇ ਜਾ ਨਾਲਦਿਆਂ ਦੇ ਪ੍ਰਭਾਵ ਹੇਠ ਜਾਂ ਦਬਾਅ ਵਿੱਚ ਆਏ ਕਰਦੇ ਹਨ, ਕਈ ਵਾਰ ਉਹਨਾਂ ਦੀ ਮਾਨਸਿਕ ਸਥਿਤੀ ਹੀ ਐਨੀ ਕਮਜ਼ੋਰ ਹੁੰਦੀ ਹੈ ਕਿ ਉਹਨਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕੀ ਕਰ ਰਹੇ ਹਨ.

ਇਸ ਬਾਰੇ ਕੁਝ ਸਪੱਸ਼ਟ ਕਹਿਣਾ ਬੜਾ ਔਖਾ ਹੈ ਕਿ ਕਿਹਨਾਂ ਹਾਲਾਤਾਂ ਵਿੱਚ ਉਹ ਨਸ਼ਾ ਕਰਨ ਲੱਗਦੇ ਹਨ, ਪਰ ਇਹੀ ਵੱਡਾ ਕਾਰਨ ਹੁੰਦਾ ਹੈ ਹਰ ਮਹੀਨੇ ਦਰਜਨਾਂ ਨੌਜਵਾਨ ਮੁੰਡੇ ਅਤੇ ਕੁੜੀਆਂ ਦੀ ਹਸਪਤਾਲ ਵਿੱਚ ਮੌਤ ਹੋ ਜਾਂਦੀ ਹੈ, ਜੋ ਓਵਰਡੋਜ ਕਾਰਨ ਹਸਪਤਾਲ ਪਹੁੰਚਦੇ ਹਨ. ਇਹ ਗੱਲਾਂ ਇਸ ਕਰਕੇ ਦਬੀਆਂ ਰਹਿ ਜਾਂਦੀਆਂ ਹਨ, ਕਿਉਂਕਿ, ਕੋਈ ਵੀ ਨਹੀਂ ਚਾਹੁੰਦਾ ਕਿ ਸਾਡਾ ਭਾਈਚਾਰਾ ਬਦਨਾਮ ਹੋਵੇ, ਪਰ ਡਾਕਟਰ ਅਤੇ ਨਰਸਾ ਮੀਡੀਏ ਦੇ ਪੁੱਛਣ 'ਤੇ ਅਤੇ ਜਾਨਣ ਵਾਲਿਆਂ ਨੂੰ ਵਾਰ-ਵਾਰ ਇਹੀ ਕਹਿੰਦੇ ਹਨ ਕਿ ਨੌਜਵਾਨਾਂ ਨੂੰ ਜਾਗਰੂਕ ਕਰੋ, ਕਿਉਂਕਿ, ਓਵਰਡੋਜ ਦਾ ਕੰਮ ਬਹੁਤ ਵਧ ਗਿਆ ਹੈ। ਜਿਹੜਾ ਇਨਸਾਨ ਪਹਿਲੀ ਵਾਰ ਇਹੋ ਜਿਹਾ ਨਸ਼ਾ ਕਰਦਾ ਹੈ, ਉਸ ਦੇ ਓਵਰਡੋਜ ਹੋਣ ਤੇ ਮੌਤ ਦੇ ਮੌਕੇ ਵਧੇਰੇ ਨਸ਼ੇ ਮੌਕੇ ਵਧੇਰ ਹੁੰਦੇ ਹਨ. ਕਈ ਵਾਰ ਪਾਰਟੀਆਂ ਕਰਨ ਦੇ ਚੱਕਰ ਵਿਚ ਜਾਂ ਕਿ ਇਹ ਨਸ਼ਾ ਕਿਹੋ ਜਿਹਾ ਹੈ ਸਿਰਫ ਜਾਨਣ ਦੀ ਉਤਸੁਕਤਾ ਵਿਚ ਹੀ ਨੌਜਵਾਨ ਓਵਰਡੋਜ਼ ਹੋ ਜਾਂਦੇ ਹਨ. ਨਸ਼ਿਆਂ ਵਿਚ ਮਿਲਾਵਟ ਹੋਣ ਕਾਰਣ, ਉਸ ਨਸ਼ੇ ਦੀ ਮਾਤਰਾ ਦਾ ਅੰਦਾਜ਼ਾ ਲਗਾਉਣਾ ਔਖਾ ਹੁੰਦਾ ਹੈ.

ਮੀਡੀਏ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ ਵੱਖ ਅਦਾਰਿਆਂ ਵੱਲੋਂ ਸਮੇਂ ਸਮੇਂ 'ਤੇ ਆਵਾਜ਼ ਉਠਾਈ ਜਾਂਦੀ ਹੈ ਕਿ ਨਸ਼ੇ ਨਾ ਕਰੋ। ਕਿਉਂਕਿ, ਮਿਲਾਵਟ ਬਹੁਤ ਹੋ ਰਹੀ ਹੈ, ਫੈਟਾਨਿਲ ਨੇ ਬਹੁਤ ਮਾਰ ਦਿੱਤੇ ਪਰ ਕੋਈ ਸੁਣਦਾ ਹੀ ਨਹੀਂ ਕਈਆਂ ਨੂੰ ਖਰਚ

ਪੂਰੀ ਕਰਨ ਲਈ ਕੰਮ ਸਖ਼ਤ ਕਰਨਾ ਪੈਂਦਾ। ਕਈ ਸਖਤ ਕੰਮ ਕਰਨ ਲਈ ਅਤੇ ਸਰੀਰ ਦੀ ਥਕਾਵਟ ਦੂਰ ਕਰਨ ਲਈ ਨਸ਼ਿਆਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ ਤੇ ਫਿਰ ਹੌਲੀ ਹੌਲੀ ਪੱਕੇ ਨਸ਼ਿਆਂ 'ਤੇ ਲੱਗ ਜਾਂਦੇ ਹਨ ਹਰੇਕ ਦਾ ਸਰੀਰ ਵੱਖੋ ਵੱਖਰਾ, ਕੋਈ ਥੋੜ੍ਹੇ ਜਿਹੇ ਨਸ਼ੇ ਨਾਲ ਵੀ ਓਵਰਡੋਜ਼ ਹੋ ਸਕਦਾ ਤੇ ਕਈ ਬਹੁਤ ਸਾਰਾ ਨਸ਼ਾ ਕਰਕੇ ਵੀ ਬਚ ਜਾਂਦੇ ਹਨ, ਪਤਾ ਸਭ ਨੂੰ ਹੈ ਕਿ ਆਲੇ-ਦੁਆਲੇ ਕੀ ਹੋ ਰਿਹਾ, ਪਰ ਇਸ ਬਾਰੇ ਕੋਈ ਬੋਲਦਾ ਨਹੀਂ. ਨਸ਼ਾ ਆਮ ਵਿਕਦਾ ਹੈ, ਭੰਗ ਵਰਗੇ ਸਟਰੀਟ ਨਸ਼ਿਆਂ ਦੀਆਂ ਡਿਸਪੈਂਸਰੀਆਂ ਕੈਨੇਡਾ ਵਿਚ ਆਮ ਖੁਲ੍ਹ ਗਈਆਂ ਹਨ, ਜਿਸ ਨਾਲ ਬੱਚਿਆਂ ਨੂੰ ਇਹ ਅਸਾਨੀ ਨਾਲ ਮਿਲ ਜਾਂਦਾ

ਇਕ ਗੱਲ ਹੋਰ ਇਥੇ ਮਾਨਸਿਕ ਤਣਾਅ ਬਹੁਤ ਹੈ, ਪੜ੍ਹਾਈ ਤੇ ਬਾਕੀ ਕੰਮਾਂ ਦੀ ਜੁਮੇਵਾਰੀ ਜਦੋਂ ਸਿਰ ਤੇ 'ਆਣ ਪੈਂਦੀ ਹੈ ਤਾਂ ਵੀ ਨੌਜਵਾਨ ਨਸ਼ੇ ਕਰਨ ਲੱਗ ਜਾਦੇ ਜਾਂ ' ਜਾਂ ਫਿਰ ਖੁਦਕੁਸ਼ੀ ਵੱਲ ਨੂੰ ਹੋ ਤੁਰਦੇ ਹਨ. ਇਕੱਲੇ ਰਹਿ ਰਹੇ ਬੱਚਿਆਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੁੰਦਾ, ਕੈਨੇਡਾ ਨਵੇਂ ਆਏ ਬੱਚਿਆਂ ਨੂੰ ਨਵੇਂ ਮਹੌਲ ਵਿਚ ਰਚਣ ਮਿਚਣ ਨੂੰ ਵੀ ਸਮਾਂ ਲਗਦਾ, ਜਿਹੜੇ ਬੱਚੇ ਦੂਜਿਆਂ ਨਾਲ ਘੁਲ ਮਿਲ ਨਹੀਂ ਪਾਉਂਦੇ, ਉਹ ਇਕਲਾਪੇ ਦਾ ਸ਼ਿਕਾਰ ਹੋ ਜਾਦੇ ਹਨ , ਜਿਸ ਨਾਲ ਉਹ ਮਾਨਸਿਕ ਤਨਾਅ ਵਰਗੀ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ.

ਪਹਿਲਾਂ ਪਹਿਲ ਆਇਆਂ ਨੂੰ ਤਾਂ ਕੈਨੇਡਾ ਮੁਲਕ ਸਵਰਗ ਵਰਗਾ ਲੱਗਦਾ, ਜਦੋਂ ਅਸਲੀਅਤ ਦਾ ਸਾਹਮਣਾ ਕਰਨਾ ਪੈਂਦਾ ਤਾਂ ਬੱਚਿਆਂ ਕੋਲੋਂ ਐਨਾ ਕੁਝ ਸੰਭਾਲਣਾ ਮੁਸ਼ਕਿਲ ਹੋ ਜਾਂਦਾ ,ਕੰਮ ਲੱਭਣਾ, ਕਈ ਵਾਰ ਕੰਮ ਨਹੀਂ ਮਿਲਦਾ, ਕਈ ਵਾਰ ਕੰਮ ਮਿਲ ਵੀ ਜਾਂਦਾ ਪਰ ਜਦੋਂ ਮਾਲਕ ਕੰਮ ਕਰਾ ਕੇ ਪੈਸੇ ਨਹੀਂ ਦਿੰਦੇ ਜਾਂ ਘੱਟ ਪੈਸੇ ਦਿੰਦੇ ਹਨ. ਆਵਾਜ ਉਠਾਉਣ 'ਤੇ ਕੰਮ ਦੇ ਮਾਲਕਾਂ ਵੱਲੋਂ ਕੰਮ ਤੋਂ ਕੱਢਣ ਜਾਂ ਵਾਪਸ ਭਾਰਤ ਭੇਜਣ ਦੀ ਧਮਕੀ ਦੇ ਡਰੋ ਚੁੱਪ ਕਰ ਕੇ ਬੈਠ ਜਾਣਾ, ਕੰਮਾਂ 'ਤੇ ਮਾਨਸਿਕ ਦੇ ਨਾਲ ਨਾਲ ਸਰੀਰਕ ਸੋਸਣ ਹੋਣਾ, ਮਹਿੰਗਾਈ ਵਧ ਹੋਣ ਕਾਰਣ ਰੈਂਟ ਦੇਣ ਦਾ ਤਣਾਅ, ਗਰੌਸਰੀ ਦਾ ਖਰਚਾ ਪੱਕੇ ਹੋਣ ਦੀ ਪ੍ਰੇਸ਼ਾਨੀ, ਘਰਦਿਆਂ ਦੀਆਂ ਮੰਗਾ ਜਾਂ ਉਹਨਾਂ ਦੀਆਂ ਆਸਾਂ 'ਤੇ ਪੂਰਾ ਉਤਰਨ ਦਾ ਡਰ. ਬਾਰਾਂ ਪਾਸ ਬੱਚੇ 16- 17 ਸਾਲ ਦੀ ਉਮਰ ਵਿਚ ਅਜੇ ਬਚਪਨਾ ਹੀ ਤਾਂ ਹੁੰਦਾ,



ਘੱਟੋ ਘੱਟ, 25 ਸਾਲ ਦੀ ਉਮਰ ਤੱਕ ਬੱਚਾ ਮਾਨਸਿਕ ਅਤੇ ਸਰੀਰਕ ਪੱਖ ਤੋਂ ਪੂਰੀ ਤਰ੍ਹਾਂ ਵਿਕਸਿਤ ਹੁੰਦਾ ਹੈ। ਚੰਗੇ ਮਾੜੇ ਦਾ ਫੈਸਲਾ ਲੈਣਾ ਉਹਨਾਂ ਲਈ ਬਹੁਤ ਔਖਾ ਹੁੰਦਾ, ਇਹ ਉਮਰ ਹੀ ਇਹੋ ਜਿਹੀ ਹੈ ਕਿ ਇਹਨਾਂ ਨੂੰ ਕੋਈ ਵੀ ਵਰਗਲਾ ਕੇ ਕੁਝ ਵੀ ਕਰਵਾ ਸਕਦਾ ਬਾਕੀ ਬੱਚੇ ਦੀ ਪਰਵਰਿਸ਼ 'ਤੇ ਵੀ ਨਿਰਭਰ ਕਰਦਾ ਕਈ ਬੱਚੇ ਸਮਝਦਾਰ ਹੁੰਦੇ ਉਹ ਔਖ ਸੌਖ ਹੋ ਕੇ ਕੱਟ ਲੈਂਦੇ ਹਨ , ਪਰ ਜਿਹੜੇ ਬੱਚੇ ਮਾਪਿਆਂ ਨੇ ਬਹੁਤ ਲਾਡਲੇ ਰੱਖੇ ਹੁੰਦੇ ਹਨ ਉਹ ਕਈ ਵਾਰ ਡੋਲ ਜਾਂਦੇ ਹਨ.

ਇਥੇ ਆ ਕੇ ਮਹਿੰਗੀਆਂ ਕਾਰਾ, ਮਹਿੰਗੇ ਵਿਆਜ ਦਰਾਂ ਤੇ ਲੈ ਕੇ, ਮੁੜ ਕੇ ਕਿਸਤਾਂ ਨਹੀਂ ਦੇ ਹੁੰਦੀਆਂ ਅਤੇ ਫਿਰ ਤਰੀਕੇ ਭਾਲਣੇ ਕਿ ਕਿਤਿਓਂ ਸੌਖੇ ਤਰੀਕੇ ਨਾਲ ਪੈਸਾ ਬਣ ਜਾਵੇ. ਉਸ ਵੇਲੇ ਨਸ਼ੇ ਵੇਚਣ ਵਰਗਾ ਤਰੀਕਾ ਆਸਾਨ ਲਗਦਾ ਹੈ. ਸਿਰਫ ਅੰਤਰ-ਰਾਸ਼ਟਰੀ ਵਿਦਿਆਰਥੀ ਹੀ ਨਹੀਂ, ਕੈਨੇਡਾ ਦੇ ਜੰਮ-ਪਲ ਬੱਚਿਆਂ ਦਾ ਵੀ ਰੁਝਾਨ ਇਸ ਪਾਸੇ ਬਹੁਤ ਹੈ। ਡਰੱਗ ਵੇਚਣ ਵਾਲਿਆਂ ਕੋਲ ਇਹਨਾਂ ਬੱਚਿਆਂ ਨੂੰ ਭਰਮਾਉਣ ਦੇ ਬੜੇ ਢੰਗ ਹੁੰਦੇ ਹਨ।

ਸੋਲਾਂ ਸਤਾਰਾਂ ਸਾਲ ਉਮਰ ਬਹੁਤ ਛੋਟੀ ਹੈ. ਇਸ ਕਰਕੇ ਬੱਚੇ ਨੂੰ ਬਾਰ੍ਹਵੀਂ ਕਲਾਸ ਤੋਂ ਅੱਗੇ ਪੜ੍ਹਾਓ. ਕੋਈ ਹੁਨਰ ਸਿਖਾਓ ਤਾਂ ਕਿ ਉਸ ਨੂੰ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਹ ਉਮਰ ਦੇ ਹਿਸਾਬ ਨਾਲ ਥੋੜ੍ਹਾ ਜਿਹਾ ਸਿਆਣਾ ਅਤੇ ਸਮਝਦਾਰ ਵੀ ਹੋ ਜਾਵੇ. ਜੇ ਬੱਚਾ ਬਾਹਰ ਜਾਣ ਦੀ ਜਿਦ ਕਰਦਾ ਤਾਂ ਉਸਨੂੰ ਸਮਝਾਵੋਂ, ਜਜਬਾਤੀ ਜਾਂ ਭਾਵੁਕ ਹੋ ਕੇ ਕੀਤੇ ਗਏ ਫੈਸਲੇ ਕਈ ਵਾਰ ਬਹੁਤ ਨੁਕਸਾਨ ਕਰਦੇ ਹਨ. ਇਹ ਉਮਰ ਹੀ ਇਹੋ ਜਿਹੀ ਹੈ ਕਿ ਬੱਚੇ ਲਈ ਇਸ ਉਮਰ 'ਚ ਠੀਕ ਗਲਤ ਦਾ ਫੈਸਲਾ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ. ਬਹੁਤੇ ਪਰਿਵਾਰਾਂ ਵਿੱਚ ਅੱਜ ਕੱਲ੍ਹ ਸਿਰਫ ਇੱਕ ਹੀ ਬੱਚਾ ਹੁੰਦਾ ਹੈ। ਉਹ ਵੀ ਅਸੀ ਬਾਹਰ ਭੇਜ ਦਿੰਦੇ ਹਾਂ. ਕੈਨੇਡਾ ਭੇਜਣ ਦੇ ਚੱਕਰ 'ਚ ਕਈ ਵਾਰ ਉਹ ਵੀ ਹੱਥੋਂ ਗੁਆ ਲੈਂਦੇ ਹਾਂ ਤੇ ਆਪਣਾ ਬੁਢਾਪਾ ਵੀ ਰੁਲ ਜਾਂਦਾ ਹੈ! ਆਏ ਦਿਨ ਖਬਰਾਂ ਆਉਂਦੀਆਂ ਕਿ ਫਲਾਣੇ ਵਿਦਿਆਰਥੀ ਦੀ ਮੌਤ ਹੋ ਗਈ। ਫਿਰ ਲਾਸ਼ ਪੰਜਾਬ ਭੇਜਣੀ, ਉਸ ਲਈ 'ਗੋ ਫੰਡ ਮੀਂ ਦਾ ਪ੍ਰਬੰਧ ਕਰਨਾ ਭਾਈਚਾਰੇ ਦੇ ਲੋਕਾਂ ਵੱਲੋਂ ਕਈ ਸੰਸਥਾਵਾਂ ਵੱਲੋਂ ਜਾਂ ਗੁਰੂਘਰ ਦੇ ਪ੍ਰਬੰਧਕਾਂ ਵਲੋਂ ਅੱਗੇ ਹੋ ਕੇ ਲਾਸ਼ ਭਾਰਤ ਭੇਜਣ ਲਈ ਇਕਜੁੱਟ ਹੋ ਕੇ ਮਦਦ ਕੀਤੀ ਜਾਂਦੀ ਹੈ. ਮਰਨ ਵਾਲ਼ਿਆਂ ਵਿਚ ਜਿਆਦ-'ਤਰ ਮੁੰਡੇ ਹੁੰਦੇ ਅਤੇ ਕੁੜੀਆਂ ਘਟ

ਸਾਨੂੰ ਚਾਹੀਦਾ ਹੈ ਕਿ ਅਸੀਂ ਸੱਚ 'ਤੇ ਪਰਦਾ ਪਾਉਣ ਦੀ ਬਜਾਏ, ਇਸ ਗੱਲ ਦਾ ਕੋਈ ਹੱਲ ਲੱਭੀਏ ,ਨਹੀਂ ਤਾਂ ਭਵਿੱਖ ਵਿੱਚ ਸਾਨੂੰ ਇਸ ਦਾ ਹੋਰ ਵੀ ਖਮਿਆਜਾ ਭੁਗਤਣਾ ਪੈ ਸਕਦਾ ਹੈ.

ਇਹੋ ਜਿਹੀਆਂ ਕਿੰਨੀਆਂ ਹੀ ਅਖ਼ਬਾਰਾਂ ਦੀਆਂ ਖ਼ਬਰਾਂ ਜਾਂ ਸੁਰਖੀਆਂ, ਰੋਜ਼ ਪੜ੍ਹਨ ਨੂੰ ਮਿਲਦੀਆਂ ਹਨ। ਅਤੇ ਦਿਲ ਪਸੀਜ ਕੇ ਰਹਿ ਜਾਂਦਾ ਹੈ ,ਨਸ਼ੇ ਤੋਂ ਇਲਾਵਾ ਤੁਹਾਡਾ ਰਹਿਣ ਸਹਿਣ, ਤੁਹਾਡਾ ਬੇਹਾ, ਪੁਰਾਣਾ, ਖਾਣਾ ਖਾਣ ਨਾਲ, ਰੋਜ਼ ਸਸਤੇ ਫਾਸਟ ਫੂਡ ਖਾਣ ਨਾਲ, ਘੱਟ ਸੌਣਾ, ਨੀਂਦ ਪੂਰੀ ਨਾ ਹੋਣੀ, ਭੁੱਖੇ ਰਹਿ ਕੇ ਕੰਮ ਕਰੀ ਜਾਣਾ ਉਸਦੇ ਨਾਲ ਨਾਲ ਚੌਵੀ ਘੰਟੇ ਤਣਾਅ ਵਿੱਚ ਰਹਿਣਾ, ਇਹ ਵੀ ਹਾਰਟ ਅਟੈਕ ਦੇ ਕਾਰਨ ਬਣ ਸਕਦੇ ਹਨ. ਸਾਡਾ ਗੀਤ ਸੰਗੀਤ. ਸਾਡਾ ਵਿਰਸਾ, ਜਿਸ ਵਿੱਚ ਗਾਇਕਾਂ ਨੇ ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ ਤੋਂ ਇਲਾਵਾ ਚਿੱਟਾ, ਕਾਲੀ ਨਾਗਣੀ, ਬੰਦੂਕਾਂ ਏਕੇ 47. ਆਦਿ ਪ੍ਰਮੋਟ ਕੀਤੀਆਂ ਹੋਣ ਉੱਥੇ ਭਵਿਖ ਅਤੇ ਜਵਾਨੀ ਤੋਂ ਆਸ ਵੀ ਕੀ ਕੀਤੀ ਜਾ ਸਕਦੀ ਹੈ. ਗੀਤਾਂ ਦੀਆਂ ਵੀਡੀਓਜ਼ ਵਿਚ ਅਸਲ ਸੱਚਾਈ ਤੋਂ ਕਿਤੇ ਪਰੇ ਦਾ ਸਮਾਜ ਦਿਖਾਇਆ ਜਾਂਦਾ ਹੈ, ਜਿਥੇ ਮਹਿੰਗੀਆਂ ਕਾਰਾਂ, ਬਰੈਂਡਿਡ ਕੱਪੜੇ, ਨੰਗੇਜ਼, ਅਸਲਾ, ਨਸ਼ਾ. ਸ਼ਰਾਬ, ਆਦਿ ਨੂੰ ਵਧਾ ਚੜਾਅ ਕੇ ਪੇਸ਼ ਕੀਤਾ ਹੋਵੇ, ਉਸ ਤੋਂ ਕਿਹੋ ਜਿਹੇ ਸੱਭਿਆਚਾਰ ਦੀ ਆਸ ਕਰਾਂਗੇ? ਅੱਗੇ ਬੱਚਿਆਂ ਦੀ ਰੁਚੀ ਸਕੂਲ ਕਾਲਜਾਂ ਤੋਂ ਇਲਾਵਾ ਖੇਡਾਂ ਵੱਲ ਹੁੰਦੀ ਸੀ। ਛੁੱਟੀ ਤੋਂ ਬਾਅਦ ਬਚੇ ਘਰੋਂ ਬਾਹਰ ਖੇਡਦੇ ਸਨ, ਪਰ ਹੁਣ ਉਹ ਖੇਡਾਂ ਵਗੈਰਾ ਛੱਡ, ਬਾਕੀ ਸਮਾਂ ਆਪਣੇ ਫੋਨਾਂ 'ਤੇ ਬਿਤਾਉਂਦੇ ਹਨ. ਫੋਨ ਜਾਂ ਸ਼ੋਸ਼ਲ ਮੀਡੀਏ 'ਤੇ ਉਹ ਸਭ ਜਾਣਕਾਰੀ ਉਪਲਭਧ ਹੈ ਜਿਸ ਦੀ ਬੱਚਿਆਂ ਨੂੰ ਲੋੜ ਵੀ ਨਹੀਂ ਹੈ. ਬੱਚੇ ਉਮਰ ਤੋਂ ਪਹਿਲਾਂ ਹੀ ਸਭ ਕੁਝ ਸਿੱਖ ਲੈਂਦੇ ਹਨ. ਬੱਚਿਆਂ ਦੀ ਜ਼ਿੰਦਗੀ ਵਿੱਚ ਆਉਣ ਵਾਲ਼ੇ ਇਸ ਨਿਘਾਰ ਵਿਚ, ਕਿਤੇ ਨਾ ਕਿਤੇ ਮਾਪਿਆਂ ਵੱਲੋਂ ਦਿੱਤੀ ਲੋੜ ਤੋਂ ਵੱਧ ਖੁੱਲ ਸਾਡਾ ਸਮਾਜ, ਸੰਗੀਤ ਅਤੇ ਖਾਸਕਰ ਸਿਨੇਮੇ ਵਿੱਚ ਜੋ ਪਰੋਸਿਆ ਜਾ ਰਿਹਾ ਹੈ, ਦਾ ਵੱਡਾ ਰੋਲ ਹੈ। ਬੱਚੇ ਜੋ ਦੇਖਦੇ ਹਨ. ਉਹੋ ਜਿਹਾ ਬਣਨਾ ਚਾਹੁੰਦੇ ਹਨ.

ਅੱਜ ਦੇ ਸਮਾਜ ਵਿੱਚ ਸਾਡੇ ਬੱਚਿਆਂ ਦੇ ਰੋਲ ਮਾਡਲ ਅਧਿਆਪਕ ਜਾਂ ਮਾਪੇ ਘੱਟ ਤੇ ਸਾਡੇ ਸਿੰਗਰ ਵਧ ਹਨ, ਮਾਪਿਆਂ ਤੋਂ ਵੱਧ ਬੱਚਿਆਂ ਨੂੰ ਸੇਧ ਕੌਣ ਦੇ ਸਕਦਾ ਹੈ? ਸਾਡੇ ਬੱਚਿਆਂ ਨੂੰ ਵੀ ਸੋਚਣ ਅਤੇ ਸਮਝਣ ਦੀ ਲੋੜ ਹੈ. ਗਲਤ ਅਤੇ ਸਹੀ ਦੀ ਚੋਣ ਕਰਨ ਦੀ ਸੋਝੀ ਅਤੇ ਆਪਣੇ ਸੁਪਨਿਆਂ ਅਤੇ ਸਮਾਜ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ. ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚੇ ਨੂੰ ਕੈਨੇਡਾ ਭੇਜਣ ਤੋਂ ਪਹਿਲਾਂ ਉਹਨਾਂ ਨੂੰ ਚੰਗੀ ਤਰ੍ਹਾਂ ਸਮਝਾਇਆ ਜਾਵੇ।

ਇੱਥੇ ਆਉਣ ਵਾਲੀਆਂ ਮਸਕਿਲਾਂ ਤੋਂ ਜਾਣੂ ਕਰਵਾਉਣ ਪੜ੍ਹਾਈ , ਜੌਬ ਨਾਲ ਘਰ ਦੇ ਕੰਮ ਕਰਨ ਉਹਨਾਂ ਨੂੰ ਲੋਕਾਂ ਵਿਚ ਕਿੱਦਾਂ ਵਿਚਰਨਾ ਹੈ । ਉਹਨਾਂ ਨੂੰ ਦੱਸਣ ਕਿ ਕੋਈ ਵੀ ਗਲਤ ਕੰਮ ਕਰਣ ਨਾਲ ਉਹਨਾਂ ਨੂੰ ਕੀ ਨੁਕਸਾਨ ਹੋ ਸਕਦਾ, ਕਈ ਵਾਰ ਨਿੱਕੀ ਜਿਹੀ ਕੀਤੀ ਗਲਤੀ ਉਹਨਾਂ ਦੀ ਜ਼ਿੰਦਗੀ ਤਬਾਹ ਕਰ ਸਕਦੀ ਹੈ। ਜਿਸ ਵੀ ਸ਼ਹਿਰ ਵਿਚ ਬੱਚੇ ਨੂੰ ਪੜ੍ਹਨ ਲਈ ਭੇਜਣਾ ਹੈ, ਚਾਹੇ ਉਹ ਸਰੀ' ਵੈਨਕੂਵਰ, ਟੋਰਾਂਟੋ, ਵਿਨੀਪੈਗ, ਔਟਵਾ ਜਾਂ ਕੋਈ ਵੀ ਸ਼ਹਿਰ ਹੋਵੇ, ਉਸ ਸ਼ਹਿਰ ਦੀ ਆਨਲਾਇਨ ਜਾਣਕਾਰੀ ਹਾਸਲ ਕਰਨ, ਇਹ ਜਾਨਣ ਕਿ ਉਥੋਂ ਦੀ ਆਰਥਿਕ ਦਸ਼ਾ ਕਿਹੋ ਜਿਹੀ ਹੈ। ਰਹਿਣ ਲਈ ਜਗ੍ਹਾ ਮਿਲ ਜਾਵੇਗੀ ,??ਕੀ ਉੱਥੇ ਜੌਬ ਜਾਂ ਕੰਮ ਆਸਾਨੀ ਨਾਲ ਮਿਲ ਵੀ ਸਕਦਾ ਹੈ ?? ਕੀ ਤੁਹਾਡਾ ਉਥੇ ਕੋਈ ਰਿਸ਼ਤੇਦਾਰ ਜਾਂ ਕੋਈ ਜਾਣਕਾਰ ਰਹਿੰਦਾ ਹੈ,??? ਬੱਚਿਆਂ ਨੂੰ ਆਉਣ ਤੋਂ ਪਹਿਲਾ ਘਰ ਦੇ ਕੰਮ ਸਿਖਾਓ, ਘੱਟੋ ਘੱਟ ਰੋਟੀ ਬਣਾਉਣੀ ਸਿਖਾਓ, ਕੋਈ ਵੀ ਖਾਣੇ ਜੋ ਛੇਤੀ ਅਤੇ ਘਟ ਸਮੇਂ ਵਿੱਚ ਬਣ ਸਕਦੇ ਹੋਣ , ਬੱਚਿਆਂ ਨੂੰ ਕੁਕਿੰਗ ਕਲਾਸਾਂ ਲਵਾ ਸਕਦੇ ਹੋ. ਸਮੇਂ ਨੂੰ ਕਿਵੇਂ ਸਹੀ ਤਰੀਕੇ ਨਾਲ ਵਰਤਣਾ ਹੈ ਆਦਿ ਯੂਨੀਵਰਸਿਟੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀ ਮੁਢਲੀ ਜਾਣਕਾਰੀ ਓਰੀਐਂਟੇਸ਼ਨ ਦਾ ਸਮਾਂ ਜੇਕਰ ਚਾਰ ਘੰਟੇ ਹੈ ਤਾਂ ਘੱਟੋ ਘੱਟ ਦੋ ਦਿਨ ਦੀ ਕੀਤੀ ਜਾਵੇ, ਜਿਸ ਵਿੱਚ ਬੱਚਿਆਂ ਨੂੰ ਨਵੇਂ ਮੁਲਕ ਦੇ ਕਨੂੰਨ ਅਤੇ ਰਹਿਣ ਸਹਿਣ ਦੇ ਤਰੀਕਿਆਂ ਜਾਂ ਸਲੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇ, ਜਿਸ ਵਿੱਚ ਕੰਮ ਕਿਵੇਂ ਲੱਭਣਾ, ਬੈਂਕਿੰਗ ਕਿਵੇਂ ਕਰਨੀ, ਮੁਫਤ ਟੈਕਸ ਕਿਵੇਂ ਭਰਨਾ, ਸਸਤੀ ਗਰੌਸਰੀ ਕਿੱਥੋਂ ਖਰੀਦਣੀ, ਮੁਸ਼ਕਲ ਜਾਂ ਐਮਰਜੈਂਸੀ ਵਿਚ ਕਿੱਥੇ ਜਾਣਾ. ਫੂਡ ਬੈਂਕ, ਫਰੀ ਕੌਂਸਲਿੰਗ ਜਾਂ ਨਵੇਂ ਆਉਣ ਵਾਲਿਆਂ ਲਈ ਜੋ ਵੀ ਸਹੂਲਤਾਂ ਉਪਲਬਧ ਹਨ ਉਹਨਾਂ ਬਾਰੇ ਜਾਣਕਾਰੀ ਦੇਣੀ ਆਦਿ. ਜੇ ਕੋਈ ਲੋਕਲ ਸੰਸਥਾਵਾਂ ਹਨ ਉਹਨਾਂ ਤੱਕ ਪਹੁੰਚ ਕਿਵੇਂ ਕਰਨੀ, ਜੇਕਰ, ਬੱਚਿਆਂ ਕੋਲ ਏਨੀ ਕੁ ਜਾਣਕਾਰੀ ਹੋਵੇਗੀ ਤਾਂ ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਨਗੇ. ਮਾਪਿਆਂ ਨੂੰ ਇੱਕ ਬੇਨਤੀ ਹੈ ਕਿ ਜਿੱਥੇ ਤੁਸੀਂ ਬੱਚਿਆਂ ਨੂੰ ਭੇਜਣ ਉੱਤੇ ਲੱਖਾਂ ਰੁਪਏ ਖਰਚ ਕਰਦੇ ਹੋ, ਕਾਲਜਾਂ ਦੀਆਂ ਏਨੀਆਂ ਫੀਸਾਂ ਦਿੰਦੇ ਹੋ, ਉਥੇ ਬੱਚਿਆਂ ਦੀ ਇੰਸ਼ੋਰੈਂਸ ਜ਼ਰੂਰ ਕਰਵਾ ਕੇ ਭੇਜਿਆ ਕਰੋ. ਤੁਸੀਂ ਉਸ ਇਸੋਰੈਂਸ ਦੇ ਆਪ ਬੈਨੇਫਿਸਰੀ ਬਣ ਸਕਦੇ ਹੋ, ਰੱਬ ਨਾ ਕਰੇ ਬੱਚਾ ਬਿਮਾਰ ਹੋ ਜਾਂਦਾ ਹੈ ਜਾਂ ਕੋਈ ਅਨਹੋਣੀ ਵਾਪਰ ਜਾਂਦੀ ਹੈ ਤਾਂ ਮੈਡੀਕਲ ਦਾ ਫਿਕਰ ਨਹੀਂ ਰਹਿੰਦਾ.

ਵਿਦਿਆਰਥੀ ਕੌਂਸਲਿੰਗ ਲਈ :

ਪਿਕਸ ਵਾਲਿਆਂ ਤੋਂ ਰਿਜ਼ੂਮ ਬਣਾਉਣ ਲਈ ਇਹਨਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ. ਇਹ ਕੰਮ ਲੱਭਣ ਵਿੱਚ ਵੀ ਮਦਦ ਕਰਦੇ ਹਨ, ਜੇਕਰ ਤੁਸੀਂ ਪੰਜਾਬ/ਭਾਰਤ ਵਿਚ ਕਿਤੇ ਵਲੰਟੀਅਰ ਵਜੋਂ ਕੰਮ ਕੀਤਾ ਉਹ ਤੁਸੀਂ ਆਪਣੇ ਰਿਜ਼ੂਮ ਵਿਚ ਵੀ ਲਿਖ ਸਕਦੇ ਹੋ.

ਜਿਹੜੇ ਬੱਚੇ ਜਾਂ ਪਰਿਵਾਰ ਸਰੀ ਜਾਂ ਨੇੜੇ ਦੇ ਸ਼ਹਿਰਾਂ ਵਿਚ ਨਵੇਂ ਆਉਂਦੇ ਹਨ, ਉਹ ਗੁਰੂ ਨਾਨਕ ਫੂਡ ਬੈਂਕ ਤੋਂ ਛੇ ਮਹੀਨੇ ਤੱਕ ਦੀ ਫਰੀ ਗਰੋਸਰੀ ਲੈ ਸਕਦੇ ਹਨ. ਇਹਨਾਂ ਵੱਲੋਂ ਵਿਦਿਆਰਥੀਆਂ ਨੂੰ ਮੈਟਰੈਸ ਅਤੇ ਬਿਸਤਰਾ ਵੀ ਦਿੱਤਾ ਜਾਂਦਾ ਹੈ। ਇਹਨਾਂ ਦੀਆਂ ਦੋ ਸ਼ਾਖਾਵਾਂ ਹਨ ਸਰੀ ਅਤੇ ਐਬਟਸਫੋਰਡ ਵਿੱਚ ਤੁਸੀਂ ਆਉਣ ਤੋਂ ਪਹਿਲਾਂ ਇਸ ਵੈਬਸਾਇਟ .. 'ਤੇ ਰਜਿਸਟਰ ਕਰ ਸਕਦੇ ਹੋ. ਕੇ ਪੀ ਯ ਦੇ ਹੀਰੇ, ਟੀਮ ਵੀ ਕੇਅਰ. ਇਹ ਨਵੇਂ ਆਏ ਵਿਦਿਆਰਥੀਆਂ ਦੀ ਮਦਦ ਕਰਦੇ ਹਨ ਉਹਨਾਂ ਨੂੰ ਰਹਿਣ ਲਈ ਜਗ੍ਹਾ ਲੱਭਣ ਵਿਚ ਮਦਦ ਕਰਦੇ ਹਨ, ਕੰਮ ਲੱਭਣ ਵਿੱਚ ਮਦਦ ਕਰਦੇ ਹਨ, ਨਵੇਂ ਆਏ ਵਿਦਿਆਰਥੀਆਂ ਨੂੰ ਏਅਰਪੋਰਟ ਤੋਂ ਰਾਈਡ ਵੀ ਦਿੰਦੇ ਹਨ। ਇਹ ਗਰੁੱਪ ਵਿਦਿਆਰਥੀਆਂ ਨੇ ਨਵੇਂ ਆਉਣ ਵਾਲ਼ੇ ਵਿਦਿਆਰਥੀਆਂ ਲਈ ਬਣਾਏ ਹਨ. ਸਰੀ ਵਿਚ "ਹੋਪ ਸੇਵਾ ਸੁਸਾਇਟੀ" ਨੂੰ ਵੀ ਪਹੁੰਚ ਕੀਤੀ ਜਾ ਸਕਦੀ ਹੈ. ਉਮੀਦ ਹੈ ਕਿ ਇਸ ਜਾਣਕਾਰੀ ਨਾਲ ਕਿਸੇ ਨਾ ਕਿਸੇ ਦੀ ਮਦਦ ਜ਼ਰੂਰ ਹੋਵੇਗੀ,

ਦਵਿੰਦਰ ਕੌਰ ਖੁਸ਼ ਧਾਲੀਵਾਲ, ਰਿਸਰਚ ਐਸੋਸੀਏਟ, ਧੂਰਕੋਟ ਮੋਗਾ,
ਗੁਰੂ ਨਾਨਕ ਚੇਅਰ, ਚੰਡੀਗੜ੍ਹ ਯੂਨੀਵਰਸਿਟੀ,8847227740

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਸੈਲ ਐਡ ਫਿਕਸ
ਟ੍ਰੱਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਵਿਸ਼ਵ ਗੁਰੂ ਬਣਨ ਤੁਰਿਆ ਦੇਸ਼ ਵਿਹੜੇ ਦੀਆਂ ਇਨ੍ਹਾਂ ਘਟਨਾਵਾਂ ਬਾਰੇ ਸੋਚਣਾ ਹੀ ਨਹੀਂ ਚਾਹੁੰਦਾ

ਜਤਿੰਦਰ ਪਨੂੰ ਦੀ ਕਲਮ ਤੋਂ



ਬਹੁਤ ਸਾਰੇ ਮਿੱਤਰ ਸਾਨੂੰ ਇਹ ਸਲਾਹਾਂ ਬਿਨਾਂ ਮੰਗਿਆਂ ਦੇਣ ਦਾ ਯਤਨ ਕਰਦੇ ਹਨ ਕਿ ਹਰ ਗੱਲ ਨੂੰ ਵੱਡਾ ਮੁੱਦਾ ਬਣਾਈ ਫਿਰਨ ਦੀ ਲੋੜ ਨਹੀਂ, ਕਿਸੇ ਗੱਲ ਨੂੰ ਅਣਗੌਲਿਆ ਜਾਂ ਅਣਡਿੱਠ ਕਰਨਾ ਵੀ ਸਿੱਖ ਲੈਣਾ ਚਾਹੀਦਾ ਹੈ। ਉਨ੍ਹਾਂ ਦੀ ਸਮਝਾਉਣੀ ਦਾ ਸਾਰ ਇਹ ਹੈ ਕਿ ਹਰ ਗੱਲ ਉੱਤੇ ਕੌੜ ਕੱਢੀ ਜਾਣ ਦਾ ਲਾਭ ਕੋਈ ਹੁੰਦਾ ਨਹੀਂ ਤੇ ਔਕੜਾ ਦੇ ਢੇਰ ਬਿਨਾਂ ਵਜ੍ਹਾ ਵਧੀ ਜਾਂਦੇ ਰਹਿੰਦੇ ਹਨ। ਸ਼ਾਇਦ ਉਹ ਠੀਕ ਕਹਿੰਦੇ ਹੋਣਗੇ, ਕਿਉਂਕਿ ਭਾਰਤ ਵਿੱਚ ਜੋ ਕੁਝ ਤੇ ਜਿੰਨਾ ਕੁਝ ਨਿੱਤ ਦਿਨ ਸਾਡੇ ਅੱਖਾਂ ਅੱਗੇ ਆਉਂਦਾ ਹੈ, ਉਹ ਇਲੈਕਟਰਾਨਿਕ ਚੈਨਲਾਂ ਰਾਹੀਂ ਆਉਂਦਾ ਹੋਵੇ ਜਾਂ ਅਖਬਾਰਾਂ ਆਦਿ ਪਰੋਸਣ ਦਾ ਕੰਮ ਕਰੀ ਜਾਂਦੀਆਂ ਹੋਣ, ਮਨਾਂ ਦੀ ਕੌੜ ਹੀ ਵਧਾਉਂਦਾ ਹੈ, ਪਰ ਉਸ ਦਾ ਕੋਈ ਹੱਲ ਕਦੇ ਨਹੀਂ ਸੁੱਝਦਾ। ਕੋਈ ਹੱਲ ਸੁੱਝਣ ਦੀ ਗੁੰਜਾਇਸ਼ ਇਸ ਕਰ ਕੇ ਖਤਮ ਹੋਈ ਜਾਂਦੀ ਹੈ ਕਿ ਅਸੀਂ ਲੋਕ ਜਦੋਂ ਕੋਈ ਖਬਰ ਪੜ੍ਹਦੇ ਹਾਂ ਜਾਂ ਕਿਸੇ ਘਟਨਾ ਬਾਰੇ ਜਾਣਨ ਦੇ ਬਾਅਦ ਉਸ ਦੀ ਚਰਚਾ ਕਰਦੇ ਹਾਂ, ਓਦੋਂ ਸਮਝਦੇ ਹਾਂ ਕਿ ਇਹ ਚਰਚਾ ਸਰਕਾਰੇ-ਦਰਬਾਰੇ ਜਾਵੇਗੀ ਤਾਂ ਓਥੇ ਇਸ ਦਾ ਕੋਈ ਹੱਲ ਕੱਢਣ ਦਾ ਯਤਨ ਕੀਤਾ ਜਾਵੇਗਾ, ਪਰ ਹੁੰਦਾ ਕਦੇ ਨਹੀਂ। ਅਗਲੀ ਗੱਲ ਇਹ ਕਿ ਜਿਹੜਾ ਕੁਝ ਸਾਡੇ ਪੰਜਾਬ ਵਿੱਚ ਵਾਪਰਦਾ ਵੇਖ ਕੇ ਅਸੀਂ ਪੀੜ ਮਨਾਉਂਦੇ ਹਾਂ, ਉਹ ਸਾਰੇ ਥਾਂਈ ਹੁੰਦਾ ਦਿੱਸ ਜਾਂਦਾ ਹੈ।

ਸਾਡੇ ਕੋਲ ਇਸ ਇੱਕੀ ਜੂਨ ਦਾ ਅਖਬਾਰ ਪਿਆ ਹੈ, ਜਿਸ ਦੇ ਪਹਿਲੇ ਸਫੇ ਉੱਤੇ ਰਾਜਸਥਾਨ ਦੀ ਇੱਕ ਖਬਰ ਹੈ ਕਿ ਓਥੇ ਇੱਕ ਅਧਿਆਪਕ ਜੋੜਾ ਇੱਕੋ ਸਕੂਲ ਵਿੱਚ ਲੱਗਾ ਹੋਇਆ ਸੀ, ਪਰ ਸਿਰਫ ਕਾਗਜ਼ਾਂ ਵਿੱਚ ਹੀ ਸਕੂਲ ਜਾਂਦਾ ਤੇ ਬੱਚੇ ਪੜ੍ਹਾਉਂਦਾ ਸੀ, ਓਦਾਂ ਪਿਛਲੇ ਵੀਹ ਸਾਲਾਂ ਤੋਂ ਦੋਵੇਂ ਪਤੀ-ਪਤਨੀ ਕਦੇ ਵੀ ਓਥੇ ਨਹੀਂ ਸੀ ਗਏ। ਸਕੂਲ ਦਾ ਮੁਖੀ ਤੇ ਉਸ ਦੀ ਪਤਨੀ ਸਰਕਾਰ ਤੋਂ ਕੁੱਲ ਮਿਲਾ ਕੇ ਡੇਢ ਲੱਖ ਰੁਪਏ ਤੋਂ ਵੱਧ ਤਨਖਾਹ ਹਰ ਮਹੀਨੇ ਲੈਂਦੇ ਸਨ ਤੇ ਆਪਣੀ ਥਾਂ ਬੱਚੇ ਪੜ੍ਹਾਉਣ ਲਈ ਗਰੀਬੀ ਮਾਰੇ ਤਿੰਨ ਜਣੇ ਮਸਾਂ ਪੰਜ-ਪੰਜ ਹਜ਼ਾਰ ਰੁਪਏ ਤਨਖਾਹ ਉੱਤੇ ਰੱਖੇ ਹੋਏ ਸਨ। ਕਿਸੇ ਭੇਤੀ ਨੇ ਇਸ ਬਾਰੇ ਸ਼ਿਕਾਇਤ ਕਰ ਦਿੱਤੀ ਤਾਂ ਪੜਤਾਲ ਹੁੰਦੀ ਵੇਖ ਕੇ ਅਧਿਆਪਕ ਜੋੜਾ ਫਰਾਰ ਹੋ ਗਿਆ, ਪਰ ਉਨ੍ਹਾਂ ਕੋਲੋਂ ਪੰਜ-ਪੰਜ ਹਜ਼ਾਰ ਰੁਪਏ ਲੈ ਕੇ ਬੱਚਿਆਂ ਨਾਲ ਡੰਗ-ਟਪਾਈ ਕਰਨ ਵਾਲੇ ਤਿੰਨਾਂ ਜਣਿਆਂ ਨੂੰ ਪੁਲਸ ਲੈ ਗਈ। ਸਰਕਾਰ ਨੇ ਏਨੇ ਸਾਲਾਂ ਦਾ ਲੇਖਾ ਬਣਾਇਆ ਤੇ ਤਨਖਾਹਾਂ ਦੇ ਪੈਸੇ ਗਿਣ ਕੇ ਦੋਵਾਂ ਪਤੀ-ਪਤਨੀ ਨੂੰ ਨੌਂ ਕਰੋੜ ਸਾਢੇ ਇਕੱਤੀ ਲੱਖ ਰੁਪਏ ਤੋਂ ਵੱਧ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਵਾਉਣ ਦਾ ਹੁਕਮ ਭੇਜ ਦਿੱਤਾ ਹੈ। ਜਦੋਂ ਉਹ ਫਰਾਰ ਹੋ ਚੁੱਕੇ ਹਨ ਤਾਂ ਇਹ ਹੁਕਮ ਕਿਹੜੇ ਸਿਰਨਾਵੇਂ ਉੱਤੇ ਭੇਜਿਆ ਜਾਵੇਗਾ, ਏਦਾਂ ਦਾ ਰਾਹ ਕਿੱਦਾਂ ਕੱਢਿਆ ਅਤੇ ਕਿਸ ਨੇ ਕੱਢਿਆ, ਕਿਸੇ ਨੂੰ ਪਤਾ ਨਹੀਂ ਅਤੇ ਇਹ ਵੀ ਪਤਾ ਨਹੀਂ ਕਿ ਜਿਹੜੇ ਜ਼ਿਲਾ ਸਿੱਖਿਆ ਅਧਿਕਾਰੀਆਂ ਨੇ ਏਨੇ ਸਾਲ ਸਕੂਲ ਵਿੱਚ ਇਹ ਸਾਰਾ ਕੁਝ ਹੁੰਦਾ ਵੇਖ ਕੇ ਅੱਖਾਂ ਮੀਟੀ ਰੱਖੀਆਂ ਸਨ, ਉਨ੍ਹਾਂ ਖਿਲਾਫ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਕਿਉਂ ਨਾ ਹੋਈ!

ਬਹੁਤ ਸਾਰੇ ਲੋਕਾਂ ਨੂੰ ਇਹ ਯਾਦ ਨਹੀਂ ਰਿਹਾ ਹੋਣਾ ਕਿ ਇਹ ਕੁਝ ਪੰਜਾਬ ਵਿੱਚ ਵੀ ਹੁੰਦਾ ਫੜਿਆ ਜਾ ਗਿਆ ਸੀ ਤੇ ਬਾਅਦ ਵਿੱਚ ਸਾਰੀ ਕਾਰਵਾਈ ਰੋਕਣੀ ਪੈ ਗਈ ਸੀ। ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਬਣੀ ਤਾਂ ਇੱਕ ਦਿਨ ਵਾਹਗਾ ਬਾਰਡਰ ਦੇ ਨਾਲ ਲੱਗਦੇ ਇੱਕ ਪਿੰਡ ਦੇ ਸਕੂਲ ਵਿੱਚ ਛਾਪਾ ਮਾਰਿਆ ਗਿਆ ਸੀ। ਓਥੇ ਪੰਜਵੀਂ ਪਾਸ ਇੱਕ ਕੁੜੀ ਬੱਚੇ ਪੜ੍ਹਾ ਰਹੀ ਸੀ, ਪਰ ਉਸ ਸਕੂਲ ਵਿੱਚ ਡਿਊਟੀ ਵਾਲਾ ਅਸਲ ਅਧਿਆਪਕ ਹੈ ਨਹੀਂ ਸੀ। ਜਦੋਂ ਕੁੜੀ ਨੂੰ ਪੁੱਛਿਆ ਤਾਂ ਉਸ ਨੇ ਦੱਸ ਦਿੱਤਾ ਕਿ ਉਹ ਅਟਾਰੀ ਅੱਡੇ ਵਿੱਚ ਆਪਣੀ ਦੁਕਾਨ ਉੱਤੇ ਹੁੰਦਾ ਹੈ ਅਤੇ ਇਹ ਸੁਣਦੇ ਸਾਰ ਛਾਪੇ ਵਾਲੀ ਟੀਮ ਓਥੇ ਜਾ ਪਹੁੰਚੀ। ਅਧਿਆਪਕ ਸਾਹਿਬ ਆਪਣੇ ਕਾਰੋਬਾਰ ਵਿੱਚ ਰੁੱਝੇ ਹੋਏ ਸਨ। ਇਸ ਪਿੱਛੋਂ ਅਗਲੇ ਕਈ ਦਿਨ ਪੰਜਾਬ ਦੇ ਸਕੂਲਾਂ ਵਿੱਚ ਏਦਾਂ ਦੇ ਛਾਪੇ ਵੱਜਦੇ ਅਤੇ ਖਬਰਾਂ ਛਪਦੀਆਂ ਰਹੀਆਂ ਸਨ, ਪਰ ਅਚਾਨਕ ਸਮੁੱਚੀ ਕਾਰਵਾਈ ਨੂੰ ਬਰੇਕ ਲੱਗ ਗਈ ਸੀ। ਪਤਾ ਲੱਗਾ ਸੀ ਕਿ ਕਾਂਗਰਸ ਪਾਰਟੀ ਦੇ ਓਦੋਂ ਦੇ ਕੁਝ ਵਿਧਾਇਕਾਂ ਤੇ ਮੰਤਰੀਆਂ ਨੇ ਇਕੱਠੇ ਹੋ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਆਖਿਆ ਸੀ ਕਿ ਵਗਦੇ ਵਹਿਣ ਨੂੰ ਰੋਕਣ ਦੀ ਕੋਸ਼ਿਸ਼ ਕਰੋਗੇ ਤਾਂ ਸਾਨੂੰ ਮਹਿੰਗੀ ਪੈ ਸਕਦੀ ਹੈ, ਇਸ ਮਹਿਕਮੇ ਵਿੱਚ ਏਦਾਂ ਦੇ ਬਹੁਤ ਸਾਰੇ ਹਨ, ਇਹ ਕੰਮ ਰਹਿਣ ਦੇਈਏ। ਜਦੋਂ ਸਾਰੇ ਪਾਰਟੀ ਆਗੂ ਏਦਾਂ ਦੀ ਕਾਰਵਾਈ ਰੋਕਣ ਵਾਸਤੇ ਮੁੱਖ ਮੰਤਰੀ ਸਾਹਮਣੇ ਕਤਾਰ ਬੰਨ੍ਹ ਖੜੋਤੇ ਤਾਂ ਅਗਲੇ ਦਿਨ ਉਹ ਛਾਪਿਆਂ ਦਾ ਸਿਲਸਿਲਾ ਰੁਕ ਗਿਆ ਸੀ ਅਤੇ ਉਸ ਪਿੱਛੋਂ ਅੱਜ ਤੱਕ ਇਹੋ ਜਿਹੀ ਛਾਪੇਮਾਰੀ ਬਾਰੇ ਕਿਸੇ ਨੇ ਸੋਚਿਆ ਤੱਕ ਨਹੀਂ।

ਦੂਸਰੀ ਖਬਰ ਸਾਡੇ ਪੰਜਾਬ ਦੇ ਨਹਿਰੀ ਪਾਣੀਆਂ ਦੀ ਲੁੱਟ ਬਾਰੇ ਹੈ। ਅੰਗਰੇਜ਼ ਸਰਕਾਰ ਨੇ ਆਪਣੇ ਆਖਰੀ ਦਿਨਾਂ ਵਿੱਚ ਪੰਜਾਬ ਦਾ ਵਾਤਾਵਰਣ ਬਚਾਉਣ ਲਈ ਕਿਸਾਨਾਂ ਨੂੰ ਬਾਗ ਲਾਉਣ ਅਤੇ ਪਾਲਣ ਲਈ ਪ੍ਰੇਰਨ ਖਾਤਰ ਹਰ ਬਾਗ ਦੇ ਲਈ ਨਹਿਰੀ ਪਾਣੀ ਦਾ ਵੱਖਰਾ ਕੋਟਾ ਅਲਾਟ ਕਰਨ ਦੀ ਸਕੀਮ ਚਲਾਈ ਸੀ। ਬਹੁਤ ਸਾਰੇ ਜ਼ਿਮੀਂਦਾਰਾਂ ਨੇ ਇਸ ਸਕੀਮ ਦਾ ਲਾਭ ਲੈਣ ਲਈ ਬਾਗ ਲਾਏ ਤੇ ਬਾਕੀ ਫਸਲਾਂ ਦੇ ਕੋਟੇ ਤੋਂ ਢਾਈ ਗੁਣਾਂ ਦੇ ਕਰੀਬ ਵੱਧ ਪਾਣੀ ਦਾ ਕੋਟਾ ਪ੍ਰਾਪਤ ਕਰਨ ਲਈ ਅਰਜ਼ੀਆਂ ਦੇ ਦਿੱਤੀਆਂ। ਅੰਗਰੇਜ਼ ਸਰਕਾਰ ਨੇ ਬਾਗ ਲੱਗੇ ਚੈੱਕ ਕੀਤੇ, ਕੋਟੇ ਅਲਾਟ ਕਰ ਦਿੱਤੇ ਅਤੇ ਕਈ ਤਕੜੇ ਜ਼ਿਮੀਂਦਾਰਾਂ ਦੇ ਵੱਡੇ ਬਾਗਾਂ ਵਾਸਤੇ ਨਹਿਰ ਦਾ ਵੱਖਰਾ ਮੋਘਾ ਵੀ ਅਲਾਟ ਕਰ ਦਿਤਾ। ਪੰਜਾਬ ਵਿੱਚ ਏਦਾਂ ਦੇ ਬਾਗਾਂ ਵਾਲੇ ਵਿਸ਼ੇਸ਼ ਮੋਘਿਆਂ ਦੀ ਚੋਖੀ ਵੱਡੀ ਗਿਣਤੀ ਹੈ ਅਤੇ ਅੱਜ ਤੱਕ ਉਸੇ ਕੋਟੇ ਮੁਤਾਬਕ ਚੱਲਦੇ ਸੁਣੀਂਦੇ ਹਨ, ਪਰ ਜਿਨ੍ਹਾਂ ਬਾਗਾਂ ਲਈ ਪਾਣੀ ਅਲਾਟ ਹੋਇਆ ਸੀ, ਉਹ ਅੱਜ ਮੌਜੂਦ ਹੀ ਨਹੀਂ। ਪਾਣੀ ਦਾ ਵਿਸ਼ੇਸ਼ ਕੋਟਾ ਲੈਣ ਵਾਲਿਆਂ ਨੇ ਬਾਗਾਂ ਦੀ ਥਾਂ ਕਣਕ-ਝੋਨੇ ਦੀਆਂ ਵਪਾਰਕ ਫਸਲਾਂ ਸ਼ੁਰੂ ਕਰ ਦਿੱਤੀਆਂ, ਪਰ ਨਾ ਉਨ੍ਹਾਂ ਸਰਕਾਰ ਨੂੰ ਇਸ ਬਾਰੇ ਸੱਚੀ ਗੱਲ ਦੱਸੀ ਤੇ ਨਾ ਮਹਿਕਮੇ ਵਾਲਿਆਂ ਨੇ ਪਤਾ ਲੱਗਣ ਦੇ ਬਾਵਜੂਦ ਕਿਸੇ ਥਾਂ ਕੋਈ ਕਾਰਵਾਈ ਕਦੇ ਕੀਤੀ। ਗਵਾਂਢ ਦੇ ਕਿਸਾਨਾਂ ਨੂੰ ਆਪਣੇ ਖੇਤਾਂ ਲਈ ਇਨ੍ਹਾਂ ਬਾਗਾਂ ਦੇ ਮੋਘਿਆਂ ਕਾਰਨ ਪਾਣੀ ਪੂਰਾ ਨਹੀਂ ਮਿਲ ਸਕਦਾ, ਉਹ ਚੀਕਾਂ ਮਾਰਦੇ ਸਨ, ਪਰ ਸੁਣਨ ਵਾਲਾ ਹੀ ਕੋਈ ਨਹੀਂ ਸੀ ਮਿਲਦਾ। ਮੌਜੂਦਾ ਸਰਕਾਰ ਨੇ ਇਸ ਧਾਂਦਲੀ ਦੇਵਿਰੁੱਧ ਕਾਰਵਾਈ ਸ਼ੁਰੂ ਕੀਤੀ ਤਾਂ ਪੰਜਾਬ ਵਿੱਚ ਇਹੋ ਜਿਹੇ ਬਾਗਾਂ ਦੀ ਗਿਣਤੀ ਕਰਨੀਵੀ ਔਖੀ ਲੱਗਦੀ ਹੈ। ਉਜਾੜੇ ਜਾ ਚੁੱਕੇ ਬਹੁਤੇ ਬਾਗ ਵੱਡੇ ਜ਼ਿਮੀਂਦਾਰਾਂ, ਰਸੂਖਦਾਰਾਂ ਜਾਂ ਵੱਡੇ ਸਿਆਸੀ ਆਗੂਆਂ ਦੇ ਹੋਣ ਕਾਰਨ ਮਹਿਕਮੇ ਦੇ ਅਫਸਰ ਕੁਝ ਕਰਨ ਤੋਂ ਅਜੇ ਤੱਕ ਤ੍ਰਹਿਕੇ ਪਏ ਹਨ।

ਤੀਸਰਾ ਮਾਮਲਾ ਸਾਡੇ ਗਵਾਂਢ ਹਰਿਆਣੇ ਦਾ ਹੈ। ਓਥੇ ਇੱਕ ਖਿਡਾਰੀ ਆਪਣੀ ਮਿਹਨਤ ਸਦਕਾ ਉਲੰਪਿਕ ਖੇਡਣ ਲਈ ਜਾਣ ਨੂੰ ਤਿਆਰ ਹੈ। ਉਹ ਨਿਸ਼ਾਨੇਬਾਜ਼ੀ ਵਿੱਚ ਆਪਣੀ ਖਾਸ ਥਾਂ ਬਣਾ ਚੁੱਕਾ ਹੈ। ਏਦਾਂ ਦੇ ਨਿਸ਼ਾਨੇਬਾਜ਼ਾ ਲਈ ਕੁਝ ਖਾਸ ਤਰ੍ਹਾਂ ਦੇ ਪਿਸਤੌਲ ਆਦਿ ਵਿਦੇਸ਼ ਤੋਂ ਮੰਗਵਾਉਣੇ ਪੈਂਦੇ ਹਨ, ਜਿਹੜੇ ਆਮ ਪਿਸਤੌਲਾਂ ਨਾਲੋਂ ਅੱਠ-ਦਸ ਗੁਣਾਂ ਵੱਧ ਮਹਿੰਗੇ ਹੁੰਦੇ ਹਨ ਤੇ ਏਅਰਪੋਰਟ ਉੱਤੇ ਕਸਟਮ ਵਾਲੇ ਓਨੀ ਦੇਰ ਤੱਕ ਲੰਘਣ ਨਹੀਂ ਦੇਂਦੇ, ਜਦੋਂ ਤੱਕ ਖਰੀਦ ਕਰਨ ਦੀ ਮਨਜ਼ੂਰੀ ਦੀ ਚਿੱਠੀ ਕੋਲ ਨਾ ਹੋਵੇ। ਖਿਡਾਰੀ ਨੇ ਕੁਝ ਮਹੀਨੇ ਪਹਿਲਾਂ ਇਸ ਲਈ ਅਰਜ਼ੀ ਦਿੱਤੀ ਤਾਂ ਕਿਹਾ ਗਿਆ ਕਿ ਚੋਣ ਜ਼ਾਬਤਾ ਲੱਗਾ ਹੈ, ਇਸ ਲਈ ਇਹੋ ਜਿਹੀ ਮਨਜ਼ੂਰੀ ਨਹੀਂ ਮਿਲ ਸਕਦੀ ਅਤੇ ਮਨਜ਼ੂਰੀ ਮਿਲਦਿਆਂ ਜੂਨ ਲੰਘਣ ਵਾਲਾ ਹੋ ਗਿਆ ਹੈ। ਸਭ ਨੂੰ ਪਤਾ ਹੈ ਕਿ ਉਲੰਪਿਕ ਦੇ ਲਈ ਬਹੁਤਾ ਸਮਾਂ ਬਾਕੀ ਨਹੀਂ ਰਿਹਾ। ਜਦੋਂ ਉਸ ਦੀ ਪਿਸਤੌਲ ਵਿਦੇਸ਼ ਤੋਂ ਆਵੇਗੀ, ਜੇ ਓਥੇ ਜਾਣ ਦੀ ਘੜੀ ਤੱਕ ਪਹੁੰਚ ਵੀ ਗਈ, ਤਾਂ ਸਮਾਂ ਏਨਾ ਥੋੜ੍ਹਾ ਰਹਿ ਜਾਵੇਗਾ ਕਿ ਹੱਥ ਖੋਲ੍ਹਣ ਦਾ ਮੌਕਾ ਸ਼ਾਇਦ ਨਹੀਂ ਮਿਲ ਸਕੇਗਾ। ਇਹ ਕਹਿਣਾ ਗਲਤ ਹੈ ਕਿ ਚੋਣ ਜ਼ਾਬਤ ਲੱਗਾ ਹੋਣ ਕਾਰਨ ਏਦਾਂ ਦੇ ਲਾਇਸੈਂਸ ਵੀ ਨਹੀਂ ਦਿੱਤੇ ਜਾ ਸਕਦੇ, ਚੋਣ ਜ਼ਾਬਤਾ ਲੱਗੇ ਹੋਣ ਦੇ ਬਾਅਦ ਵੀ ਕੁਝ ਖਾਸ ਮਾਮਲਿਆਂ ਵਿੱਚ ਚੋਣ ਕਮਿਸ਼ਨ ਤੋਂ ਇਜਾਜ਼ਤ ਮਿਲ ਜਾਂਦੀ ਹੈ, ਪਰ ਇਸ ਦਾ ਯਤਨ੍ਹ ਕਰਨ ਦੀ ਥਾਂ ਅਫਸਰਸ਼ਾਹੀ ਨੇ ਫਾਈਲ ਠੱਪੀ ਰੱਖ ਕੇ ਦੇਸ਼ ਦੇ ਇੱਕ ਖਿਡਾਰੀ ਦਾ ਭਵਿੱਖ ਵੀ ਦਾਅ ਉੱਤੇ ਲਾ ਦਿੱਤਾ ਹੈ ਅਤੇ ਦੇਸ਼ ਲਈ ਕਿਸੇ ਪ੍ਰਾਪਤੀ ਦੇ ਮੂਹਰੇ ਵੀ ਅੜਿੱਕੇ ਖੜੇ ਕਰ ਦਿੱਤੇ ਹਨ।

ਚੌਥਾ ਮਾਮਲਾ ਫਿਰ ਸਾਡੇ ਪੰਜਾਬ ਦਾ ਲੈ ਲੈਂਦੇ ਹਾਂ। ਬੀਤੇ ਹਫਤੇ ਪੰਜਾਬ ਦੀ ਬਿਜਲੀ ਕਾਰਪੋਰੇਸ਼ਨ ਦੀ ਫਲਾਇੰਗ ਟੀਮ ਨੇ ਕਈ ਥਾਂਈਂ ਛਾਪੇ ਮਾਰੇ ਅਤੇ ਬਿਨਾਂ ਕਾਨੂੰਨੀ ਕੁਨੈਕਸ਼ਨਾਂ ਤੋਂ ਟਿਊਬਵੈੱਲ ਚੱਲਦੇ ਫੜੇ ਹਨ। ਇੱਕ ਮਿਸਾਲ ਏਦਾਂ ਦੀ ਹੈ ਕਿ ਇੱਕ ਕਿਸਾਨ ਨੇ ਇੱਕ ਕੁਨੈਕਸ਼ਨ ਕਾਨੂੰਨੀ ਲਿਆ ਸੀ, ਉਸ ਦੇ ਖੰਭੇ ਤੋਂ ਤਾਰ ਖਿੱਚ ਕੇ ਜ਼ਰਾ ਹਟਵਾਂ ਦੂਸਰਾ ਟਿਊਬਵੈੱਲ ਚੱਲਦਾ ਕਰ ਲਿਆ। ਬਹੁਤ ਸਾਰੇ ਹੋਰ ਕਿਸਾਨਾਂ ਨੇ ਏਦਾਂ ਹੀ ਆਪਣੇ ਇੱਕ ਤੋਂ ਦੂਸਰਾ ਚਲਵਾਇਆ ਹੋਇਆ ਹੈ ਜਾਂ ਗਵਾਂਢੀ ਦੀ ਮੋਟਰ ਦੇ ਖੰਭੇ ਤੋਂ ਤਾਰ ਖਿੱਚ ਕੇ ਮੋਟਰ ਚਲਾਈ ਜਾਂਦੇ ਹਨ, ਕਦੇ ਕੋਈ ਪੁੱਛਦਾ ਨਹੀਂ। ਗਵਾਂਢ ਦੇ ਕਿਸਾਨ ਏਦਾਂ ਕਰਨੋਂ ਇਸ ਲਈ ਨਹੀਂ ਰੋਕ ਸਕਦੇ ਕਿ ਝਗੜਾ ਹੋਣ ਅਤੇ ਦੁਸ਼ਮਣੀ ਪੈਣ ਦਾ ਖਤਰਾ ਹੁੰਦਾ ਹੈ। ਕੋਈ ਵੀ ਪੁੱਛ ਸਕਦਾ ਹੈ ਕਿ ਜਦੋਂ ਟਿਊਬਵੈੱਲਾਂ ਦੇ ਸਾਰੇ ਬਿੱਲ ਮੁਆਫ ਹਨ ਤਾਂ ਇੱਕ ਦੀ ਥਾਂ ਦੋ ਟਿਊਬਵੈੱਲ ਚਲਾ ਲੈਣ ਦਾ ਕੋਈ ਫਰਕ ਤਾਂ ਪੈਣਾ ਨਹੀਂ, ਪਰ ਇਹ ਗੱਲ ਨਹੀਂ, ਫਰਕ ਬਹੁਤ ਪੈਂਦਾ ਹੈ। ਕਿਸੇ ਲਾਈਨ ਉੱਤੇ ਜੇ ਦਸ ਟਿਊਬਵੈੱਲ ਹੋਣ ਤਾਂ ਉਨ੍ਹਾਂ ਦੇ ਲੋਡ ਦੀ ਗਿਣਤੀ ਕਰ ਕੇ ਕੁਝ ਹੋਰ ਜੋੜਨ ਪਿੱਛੋਂ ਥੋੜ੍ਹਾ ਵੱਡਾ ਟਰਾਂਸਫਾਰਮਰ ਲਵਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜੇ ਟਿਊਬਵੈੱਲ ਸਰਕਾਰੀ ਕਾਗਜ਼ਾਂ ਵਿੱਚ ਦਸ ਲੱਗੇ ਹੋਣ ਅਤੇ ਦਸ ਹੋਰਕਾਨੂੰਨੀ ਕੁਨੈਕਸ਼ਨਾਂ ਤੋਂ ਬਿਨਾਂ ਚੱਲੀ ਜਾਂਦੇ ਹੋਣ ਤਾਂ ਉਨ੍ਹਾਂ ਦਾ ਬਿਨਾਂ ਲੇਖੇ ਵਾਲਾ ਜਿੰਨਾ ਹੋਰ ਲੋਡ ਪੈਂਦਾ ਹੈ, ਉਹ ਟਰਾਂਸਫਾਰਮਰ ਸਾੜਦਾ ਹੈ, ਜਿਸ ਨਾਲ ਪਾਵਰਕਾਮ ਨੂੰ ਵੀ ਚੱਟੀ ਪੈਂਦੀ ਹੈ ਅਤੇ ਜਦੋਂ ਤੱਕ ਨਵਾਂ ਟਰਾਂਸਫਾਰਮਰ ਨਾ ਲੱਗੇ ਜਾਂ ਪਹਿਲੇ ਦੀ ਮੁਰੰਮਤ ਨਾ ਹੋਵੇ, ਉਸ ਲਾਈਨ ਦੇ ਸਾਰੇ ਕਿਸਾਨਾਂ ਦੀ ਬਿਜਲੀ ਸਪਲਾਈ ਵੀ ਬੰਦ ਰੱਖਣ ਦੀ ਮਜਬੂਰੀ ਬਣ ਜਾਂਦੀ ਹੈ। ਗਵਾਂਢ ਵਾਲੇ ਜਿਹੜੇ ਲੋਕ ਆਪ ਕੁਝ ਕਹਿ ਕੇ ਝਗੜਾ ਖੜਾ ਕਰਨ ਤੋਂ ਡਰਦੇ ਹਨ, ਉਹ ਸਰਕਾਰ ਕੋਲ ਲੁਕਵੀਆਂ ਸ਼ਿਕਾਇਤਾਂ ਕਰਦੇ ਹਨ।

ਇੱਕ ਵਾਰੀ ਇਹੋ ਜਿਹਾ ਮਾਮਲਾ ਜ਼ਿਲਾ ਪੱਧਰ ਦੀ ਮੀਟਿੰਗ ਵਿੱਚ ਅਸੀਂ ਡਿਪਟੀ ਕਮਿਸ਼ਨਰ ਕੋਲ ਉਠਾਇਆ ਤੇ ਕਿਹਾ ਸੀ ਕਿ ਜਦੋਂ ਗੈਰ-ਕਾਨੂੰਨੀ ਕੁਨੈਕਸ਼ਨ ਕਿਸੇ ਤੋਂ ਰੋਕੇ ਨਹੀਂ ਜਾ ਸਕਣੇ ਤਾਂ ਸਰਕਾਰ ਨੂੰ ਸਿਫਾਰਸ਼ ਕਰੋ ਕਿ ਉਨ੍ਹਾਂ ਦੀ ਕੁਨੈਕਸ਼ਨ ਫੀਸ ਮੁਆਫ ਕਰ ਕੇ ਇਨ੍ਹਾਂ ਨੂੰ ਕਾਨੂੰਨੀ ਰੂਪ ਦੇਣ ਵਾਸਤੇ ਅਰਜ਼ੀਆਂ ਮੰਗ ਲਈਆਂ ਜਾਣ। ਮਹਿਕਮੇ ਦੇ ਅਫਸਰਾਂ ਨੇ ਕਿਹਾ ਸੀ ਕਿ ਏਦਾਂ ਗਲਤ ਪਿਰਤ ਪੈ ਜਾਵੇਗੀ ਕਿ ਪਹਿਲਾਂ ਗੈਰ ਕਾਨੂੰਨੀ ਟਿਊਬਵੈੱਲ ਚਲਾਉ ਅਤੇ ਬਾਅਦ ਵਿੱਚ ਕਾਨੂੰਨੀ ਕਰਨ ਲਈ ਅਰਜ਼ੀ ਦੇ ਦਿਉ, ਇਸ ਦਾ ਫਾਇਦਾ ਤਾਂ ਕੋਈ ਹੋ ਨਹੀਂ ਸਕਦਾ। ਅਸੀਂ ਦੱਸਿਆ ਸੀ ਕਿ ਵੱਡਾ ਫਾਇਦਾ ਹੈ ਕਿ ਏਦਾਂ ਤੁਹਾਡੇ ਕੋਲ ਰਿਕਾਰਡ ਹੋਵੇਗਾ ਕਿ ਫਲਾਣੀ ਲਾਈਨ ਵਾਲੇ ਐਨੇ ਟਿਊਬਵੈਲਾਂ ਜੋਗਾ ਟਰਾਂਸਫਾਰਮਰ ਲਾਉਣਾ ਹੈ, ਸੜਦੇ ਟਰਾਂਸਫਾਰਮਰਾਂ ਦਾ ਖਰਚਾ ਵੀ ਬਚੇਗਾ ਅਤੇ ਮੁੜ-ਮੁੜ ਠੀਕ ਕਰਨ ਜਾਣ ਦੀ ਖੇਚਲ ਤੋਂ ਵੀ ਤੁਹਾਡੇ ਮੁਲਾਜ਼ਮਾਂ ਦਾ ਸਾਹ ਸੌਖਾ ਹੋ ਜਾਵੇਗਾ। ਬਿਜਲੀ ਵਾਲੇ ਅਫਸਰ ਵਿਰੋਧ ਕਰਦੇ ਸਨ, ਡਿਪਟੀ ਕਮਿਸ਼ਨਰ ਨੂੰ ਗੱਲ ਸਮਝ ਪੈ ਗਈ ਅਤੇ ਸਾਡੀਉਹ ਤਜਵੀਜ਼ ਬਾਕਾਇਦਾ ਚਿੱਠੀ ਦੇ ਰੂਪ ਵਿੱਚ ਬਿਜਲੀ ਬੋਰਡ ਤੇ ਪੰਜਾਬ ਸਰਕਾਰ ਨੂੰ ਭੇਜ ਦਿੱਤੀ। ਉਸ ਚਿੱਠੀ ਨੂੰ ਸਾਢੇ ਤਿੰਨ ਦਹਾਕੇ ਤੋਂ ਵੱਧ ਸਮਾਂ ਗੁਜ਼ਰ ਚੁੱਕਾ ਹੈ, ਕਿਸੇ ਅਮਲ ਦੀ ਕੋਈ ਖਬਰ ਅੱਜ ਤੱਕ ਸਾਨੂੰ ਨਹੀਂ ਮਿਲ ਸਕੀ ਅਤੇ ਗੈਰ-ਕਾਨੂੰਨੀ ਅਪਰੇਸ਼ਨਾਂ ਦਾ ਜਿਹੜਾ ਵਿਹਾਰ ਓਦੋਂ ਚੱਲਦਾ ਸੀ, ਅੱਜ ਤੱਕ ਚੱਲੀ ਜਾਂਦਾ ਹੈ। ਗੌਰਮਿੰਟ ਕੋਈ ਵੀ ਹੋਵੇ, ਉਹ ਕੰਮ ਦੀਆਂ ਗੱਲਾਂ ਉੱਤੇ ਗੌਰ ਕਰਨ ਜੋਗਾ ਵਕਤ ਬਹੁਤਾ ਨਹੀਂ ਕੱਢ ਸਕਦੀ।

ਅਸੀਂ ਇਹ ਥੋੜ੍ਹੀਆਂ ਜਿਹੀਆਂ ਚੋਣਵੀਆਂ ਮਿਸਾਲਾਂ ਦੱਸੀਆਂ ਹਨ, ਜਿਹੜੀਆਂ ਬੀਤੇ ਹਫਤੇ ਖਬਰਾਂ ਬਣ ਕੇ ਸਮਾਜ ਸਾਹਮਣੇ ਆ ਚੁੱਕੀਆਂ ਹਨ, ਨਿੱਤ ਪੜ੍ਹਨ ਤੇ ਸੁਣਨ ਵਾਲਿਆਂ ਨੂੰ ਦੱਸਣ ਦੀ ਲੋੜ ਨਹੀਂ, ਭਾਰਤ ਦੇਸ਼ ਦਾ ਕੋਈ ਰਾਜ ਹੀ ਸ਼ਾਇਦ ਬਚਿਆ ਹੋਵੇ, ਜਿੱਥੇ ਇਹ ਕੁਝ ਹੁੰਦਾ ਨਾ ਹੋਵੇ। ਉਂਜ ਤਾਂ ਭਾਰਤ ਵਿਸ਼ਵ ਗੁਰੂ ਬਣਨ ਤੁਰਿਆ ਪਿਆ ਹੈ, ਆਪਣੇ ਵਿਹੜੇ ਵਿੱਚ ਨਿੱਤ ਵਾਪਰਦੀਆਂ ਇਨ੍ਹਾਂ ਘਟਨਾਵਾਂ ਬਾਰੇ ਸੋਚ ਕੇ ਸ਼ਰਮਿੰਦਾ ਹੋਣ ਦੀ ਉਸ ਨੂੰ ਲੋੜ ਹੀ ਨਹੀਂ ਜਾਪਦੀ।


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Grand Upholstery Ltd
Sofa Company Originality in Every Piece
Special on Sale
* ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
* ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
* ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
* ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



Tech Spirit
Consultation, Installation & Servicing
Specialized in:
* Analog & IP security cameras * Installation & Maintenance, Upgrade * Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com

RECENTLY LISTED IN YOUR NEIGHBOURHOOD

Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
Call JAG AUJLA MCNE, Real Estate Broker Dir 416-371-7777
NOT INTENDED TO SOLICIT BUYERS OR SELLERS CURRENTLY UNDER CONTRACT


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN
International
CIRCUS
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA